# ਸਮਤਾ

ਅਗਸਤ 1983 (ਅੰਕ 39)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਅਗਸਤ 1983
ਮੁੱਲ—ਦੋ ਰੁਪਏ
39

## ਸੰਪਾਦਕੀ

ਕੈਨੇਡਾ ਵਿਚ ਬੈਠੇ ਆਪਣੇ ਦੇਸ਼ ਦੀ ਕੋਈ ਠੀਕ ਖਬਰ ਮਿਲਣੀ ਬੜੀ ਹੀ ਮੁਸ਼ਕਿਲ ਹੈ। ਕੁਝ ਹਫਤਾਵਾਰੀ ਅਖਬਾਰਾਂ ਨਿਕਲਦੀਆਂ ਹਨ ਜੋ ਦੇਸ਼ ਦੇ ਹਾਲਾਤ ਉੱਤੇ ਟਿਪਣੀ ਕਰਦੀਆਂ ਹਨ। ਪੰਜਾਬੀ ਦੀ ਹਫਤਾਵਾਰੀ ਇੰਡੋ ਕਨੇਡੀਅਨ ਟਾਈਮਜ਼ ਉਹਨਾਂ ਵਿਚੋਂ ਇਕ ਹੈ, ਜੋ ਪੰਜਾਬੀ ਹਲਕਿਆਂ ਵਿਚ ਸਾਰਿਆਂ ਨਾਲੋਂ ਵੱਧ ਪੜ੍ਹੀ ਜਾਂਦੀ ਹੈ। ਖਬਰਾਂ ਪੇਸ਼ ਕਰਨ ਦਾ ਉਹਦਾ ਆਪਣਾ ਹੀ ਢੰਗ ਹੈ ਅਤੇ ਇਸ ਕਲਾ ਵਿਚ ਉਹ ਜਲੰਧਰ ਦੀਆਂ ਅਖਬਾਰਾਂ ਨੂੰ ਮਾਤ ਪਾਉਂਦਾ ਹੈ। ਉਸ ਅਖਬਾਰ ਦੀ ਪਹਿਲੀ ਜੁਲਾਈ ਵਾਲੀ ਕਾਪੀ ਮੇਰੇ ਸਾਹਮਣੇ ਪਈ ਹੈ। ਪਹਿਲਾ ਸਫਾ ਇਸ ਤਰ੍ਹਾਂ ਹੈ :

"ਪੰਜਾਬ 'ਚ ਹਿੰਦੂ, ਸਿਖ ਤੇ ਮੁਸਲਮਾਨ ਫਸਾਦ—ਜਲੰਧਰ, ਕਪੂਰਥਲਾ ਵਿਚ ਦੋ ਪੁਜਾਰੀ ਝਟਕਾ ਦਿਤੇ, ਦਰਜਨਾਂ ਹੋਰਾਂ ਦੀ ਮੌਤ, ਸੈਂਕੜੇ ਜ਼ਖਮੀ, ਫੌਜ ਦੀਆਂ ਵਹੀਰਾਂ ਪੰਜਾਬ ਵੱਲ। ਜਲੰਧਰ 27 ਜੂਨ, ਫੋਨ ਰਾਹੀਂ ਸੂਚਨਾ ਮਿਲੀ ਹੈ ਕਿ ਜਲੰਧਰ ਵਿਚ ਹਿੰਦ ਸਮਾਚਾਰ ਦੇ ਦਫਤਰ ਵਿਚੋਂ ਡਾਕ ਰਾਹੀਂ ਭੇਜੇ ਗਏ ਬੰਬ ਨਾਲ ਚਾਰ ਬੰਦੇ ਥਾਂ ਤੇ ਹੀ ਮਾਰੇ ਗਏ (ਏ. ਪੀ. ਅਨੁਸਾਰ ਦੋ ਦੀ ਮੌਤ ਦਸੀ ਗਈ ਹੈ) ਤੇ ਦਫਤਰ ਦਾ ਇਕ ਹਿੱਸਾ ਉੜਾ ਦੇਣ ਕਾਰਨ ਹਿੰਦੂਆਂ ਵਲੋਂ ਕੱਢੇ ਗਏ ਜਲੂਸ ਵਿਚ ਖਤਰਨਾਕ ਨਾਹਰੇ ਲਗਾਏ ਜਾ ਰਹੇ ਸਨ, ਜਿਵੇਂ ਕਿ 'ਹਿੰਦੂ ਹਿੰਦ ਹਿੰਦੁਸਤਾਨ, ਕਹਾਂ ਸੇ ਆਏ ਸਿੱਖੜਸਤਾਨ, ਕੱਛ ਕੜਾ ਕ੍ਰਿਪਾਨ ਭੇਜ ਦਿਆਂਗੇ ਪਾਕਿਸਤਾਨ—ਪਗੜਾ ਕੱਛਾ ਹਾਇ ਹਾਇ' ਜਿਸਨੇ ਸ਼ਹਿਰ ਦੇ ਸਿਖਾਂ ਵਿਚ ਰੋਸ ਭਰ ਦਿਤਾ ਤੇ ਜਵਾਬੀ ਜਲੂਸ ਕਢਿਆ ਗਿਆ। ਇਸਤੇ ਹਿੰਦੂ ਰਖਸ਼ਾ ਸੰਮਤੀ ਦੇ ਕੁਝ ਨੌਜਵਾਨਾਂ ਦਾ ਟੋਲਾ ਟੁੱਟ ਪਿਆ ਤੇ ਜੰਮਕੇ ਲੜਾਈ ਹੋਈ। ਜਿਸ ਵਿਚ 6 ਬੰਦੇ ਮਾਰੇ ਗਏ ਤੇ ਸੈਂਕੜੇ ਜ਼ਖਮੀ ਹੋਏ। ਹਿੰਦੂ ਰਖਸ਼ਾ ਸੰਮਤੀ ਵਾਲਿਆਂ ਦਾ ਟੋਲਾ (ਰਖਸ਼ਾ ਸੰਮਤੀ ਵਾਲਿਆਂ ਦੇ ਭੇਸ ਵਿਚ ਗੁੰਡਿਆਂ ਦਾ ਟੋਲਾ) ਉਥੋਂ ਨੱਠ ਕੇ ਇਕ ਸਥਾਨਕ ਮੰਦਰ ਵਿਚ ਪਨਾਹ ਲੈਣ ਪੁਜਿਆ। ਸਿੱਖ ਨੌਜਵਾਨਾਂ ਦਾ ਜੱਥਾ ਪਿਛਾ ਕਰਦਾ ਕਰਦਾ ਮੰਦਰ ਵਿਚ ਪਹੁੰਚ ਗਿਆ। ਪਰ ਪੁਜਾਰੀ ਨੇ ਗੁੰਡਿਆਂ ਨੂੰ ਪਿਛਲੇ ਦਰਵਾਜ਼ੇ ਰਾਹੀਂ ਭਜਾ ਦਿਤਾ ਤੇ ਜੱਥੇ ਨੂੰ ਗਾਲ੍ਹਾਂ ਕੱਢਣ ਤੇ ਉਤਰ ਆਇਆ ਜਿਸ ਕਰਕੇ ਪੁਜਾਰੀ ਨੂੰ ਥਾਂ ਤੇ ਹੀ ਝਟਕਾ ਦਿਤਾ। ਇਸੇ ਤਰ੍ਹਾਂ ਦੀ ਹੀ ਘਟਨਾ ਕਪੂਰਥਲਾ ਵਿਚ ਹੋਈ ਹੈ। ਪੁਲਸ ਅਧਿਕਾਰੀ ਖੁਲ੍ਹਮਖੁਲ੍ਹਾ ਸਰਕਾਰ ਦੇ ਇਸ਼ਾਰੇ ਤੇ ਹਿੰਦੂਆਂ ਦੀ ਸਹਾਇਤਾ ਕਰ ਰਹੇ ਹਨ। ਮਜਬੂਰਨ ਸਿੱਖਾਂ ਨੂੰ ਆਪਣੀ ਰਖਿਆ ਲਈ ਹਥਿਆਰਬੰਦ ਹੋਣਾ ਪੈ ਰਿਹਾ ਹੈ। ਇਹ ਦੰਗੇ ਸਾਰੇ ਪੰਜਾਬ ਵਿਚ ਭੜਕਣ ਦੀ ਸੰਭਾਵਨਾ ਹੈ।......

(ਪਹਿਲੇ ਸਫੇ ਤੇ ਦੂਸਰੀ ਸੁਰਖੀ) 'ਸਿੰਘੋ ਹਥਿਆਰ ਚੁੱਕ ਲਵੋ' ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਕਿਹਾ ਹੈ ਕਿ ਹੁਣ ਹਥਿਆਰ ਚੁਕਣ ਲਈ ਹਕੂਮਤ ਨੇ ਸਾਨੂੰ ਮਜਬੂਰ ਕਰ ਦਿਤਾ ਹੈ। ਜੇ ਸਾਨੂੰ ਸਾਡੇ ਘਰ

**ਏਸ ਅੰਕ ਵਿਚ :**

ਸੰਪਾਦਕੀ—ਸੰਪਾਦਕੀ ਟਿਪਣੀਆਂ
ਅਜੋਕੇ ਪੰਜਾਬ ਦੇ ਖੇਤ ਮਜ਼ਦੂਰ ਮਸਲੇ — ਘੋਲ ਅਤੇ ਸਿਆਸੀ ਵਿਚਾਰਧਾਰਾਵਾਂ—ਇਕ ਅਧਿਐਨ/ਅਮਿੰਦਰਪਾਲ ਸਿੰਘ
ਕਹਾਣੀ—ਮਾਂ ਤੇ ਬੱਚਾ/ਲੈਂਗਸਟਨ ਹਿਊਜ
ਮਿੰਨੀ ਕਹਾਣੀ—ਸਾਇਦ/ਜਿੰਦਰ
ਦੋ ਨਜ਼ਮਾਂ—ਬੰਦ/ਸੁਰਿੰਦਰ ਮਚਾਦੀ o ਅਸੀਂ ਸਮੇਂ ਦੇ ਸੂਰਜ ਹਾਂ/ਹਰਨੇਕ ਕਲੇਰ o ਦੋ ਗੀਤ/ਸੰਤ ਸੰਧੂ
ਪਾਠਕ ਲੇਖਕ ਫੋਰਮ/ਬਲਾਤਕਾਰ ਕਦੋਂ ਤੱਕ/ਸੁਖਦੇਵ ਸਿੰਘ ਮਾਹੀ

(ਪੰਜਾਬ) ਵਿਚ ਹੀ ਚੈਨ ਨਾਲ ਨਹੀਂ ਰਹਿਣ ਦੇਣਾ ਤਾਂ ਅਸੀਂ ਕਿਥੇ ਜਾਵਾਂਗੇ ? ਇਸ ਕਰਕੇ ਆਪਣੀ ਹੋਂਦ ਨੂੰ ਕਾਇਮ ਰਖਣ ਲਈ ਹਥਿਆਰ ਚੁੱਕ ਲਵੋ ਤੇ ਆਪਣੀ ਕੌਮ ਦੀ ਰਖਿਆ ਕਰੋ ।......(ਤੀਸਰੀ ਸੁਰਖੀ) 'ਜੋ ਅੜੇ ਸੋ ਝੜੇ, ਸਿਖ ਆਜ਼ਾਦੀ ਦੀ ਲੜਾਈ ਲਈ ਹਥਿਆਰ ਸਾਂਭ ਲੈਣ', ਦਲ ਖਾਲਸਾ ਦੇ ਉਤਰੀ ਅਮਰੀਕਾ ਵਿਚਲੇ ਇਕ ਫੀਲਡ ਕਮਾਂਡਰ ਨੇ ਫੂਨ ਰਾਹੀਂ ਦਸਿਆ ਹੈ ਕਿ ਸਿੱਖ ਕਿਸੇ ਤੇ ਵਾਰ ਨਹੀਂ ਕਰਦੇ ਪਰ ਜੇ ਉਹਨਾਂ ਨੂੰ ਹਥਿਆਰ ਚੁੱਕਣ ਲਈ ਮਜਬੂਰ ਕੀਤਾ ਜਾਏ ਤਾਂ ਫੇਰ ਢਿੱਲ ਵੀ ਨਹੀਂ ਕਰਦੇ । ਉਨ੍ਹਾਂ ਸਮੂਹ ਵਿਸ਼ਵ ਭਰ ਦੇ ਸਿਖਾਂ ਨੂੰ ਅਪੀਲ ਕੀਤੀ ਹੈ ਕਿ ਹਥਿਆਰਬੰਦ ਹੋ ਜਾਵੋ ਤੇ ਸਿੱਖ ਆਜ਼ਾਦੀ ਦੀ ਲੜਾਈ ਵਿਚ ਜੂਝ ਪਵੋ । ਸਾਡੇ ਸਾਹਮਣੇ ਜੋ ਵੀ ਅੜਿਆ ਹੈ, ਉਹ ਝੜਿਆ ਹੀ ਹੈ ।"

ਇਹ ਖਬਰਾਂ ਪੜ੍ਹ ਕੇ ਤੇ ਇਹ ਨਾ ਜਾਣਦਿਆਂ ਕਿ ਇਹਨਾਂ ਵਿਚ ਸੱਚ ਕੀ ਹੈ ਤੇ ਝੂਠ ਕੀ ਹੈ, ਜਿਥੇ ਇਹ ਫਿਕਰ ਹੋਇਆ ਹੈ ਕਿ ਇਕ ਪਾਸੇ ਕੇਂਦਰੀ ਸਰਕਾਰ ਤੇ ਦੂਜੇ ਪਾਸੇ ਧਾਰਮਕ ਜਨੂੰਨੀ ਪੰਜਾਬ ਨੂੰ ਅੱਗ ਲਗਾਉਣ ਦੀ ਜਿਹੜੀ ਪਿਛਲੇ ਦੋ ਤਿੰਨ ਸਾਲਾਂ ਤੋਂ ਕੋਸ਼ਿਸ਼ ਕਰ ਰਹੇ ਹਨ, ਕਿਧਰੇ ਉਹ ਕਾਮਯਾਬ ਤਾਂ ਨਹੀਂ ਹੋ ਰਹੇ ਤੇ ਪੰਜਾਬ ਦੇ ਸੂਝਵਾਨ ਲੋਕ ਜੋ ਲਗਾਤਾਰ ਇਸ ਕੋਸ਼ਿਸ਼ ਨੂੰ ਅਸਫਲ ਕਰ ਰਹੇ ਸਨ ਕਿਧਰੇ ਹਾਰ ਤੇ ਨਹੀਂ ਗਏ ? ਕੁਝ ਸਵਾਲ ਜ਼ਰੂਰ ਉਠੇ ਹਨ ਕਿ ਜਲੰਧਰ ਤੋਂ ਦੇਸ਼ ਦੇ ਬਾਹਰ ਫੂਨ ਰਾਹੀਂ ਖਬਰਾਂ ਭੇਜਣ ਵਾਲੇ ਇਹ ਤਾਂ ਦਸਦੇ ਹਨ ਕਿ ਹਿੰਦੂ ਰਖਸ਼ਾ ਸੰਮਤੀ ਵਾਲਿਆਂ ਦਾ ਟੋਲਾ ਗੁੰਡਿਆਂ ਦਾ ਟੋਲਾ ਸੀ ਤਾਂ ਕੀ ਸਿਖ ਨੌਜਵਾਨਾਂ ਦਾ ਜਥਾ ਸਾਊ ਤੇ ਸ਼ਰੀਫ ਨੌਜਵਾਨਾਂ ਦਾ ਜਥਾ ਸੀ ? ਬੜੇ ਹੀ ਸ਼ਰੀਫ ਸਨ ਜਿਨ੍ਹਾਂ ਨੇ ਇੱਕ ਪੁਜਾਰੀ ਝਟਕਾ ਦਿੱਤਾ । ਜੇ ਸਿਖਾਂ ਦੇ ਟੋਲੇ ਕਤਲ ਕਰਕੇ ਗੁਰਦਵਾਰਿਆਂ ਵਿਚ ਪਨਾਹ ਲੈ ਸਕਦੇ ਹਨ ਤਾਂ ਹਿੰਦੂ ਜੇਕਰ ਮੰਦਰ ਵਿਚ ਪਨਾਹ ਲੈ ਲੈਣ ਤਾਂ ਉਹੀ ਗੁੰਡੇ ਕਿਉਂ ਹਨ ? ਹਿੰਦੂ ਰਖਸ਼ਾ ਸੰਮਤੀ ਵਾਲਿਆਂ ਨੇ ਜੋ ਨਾਅਰੇ ਲਗਾਏ ਉਹ ਤਾਂ ਫੂਨ ਰਾਹੀਂ ਕਨੇਡਾ ਵੀ ਪੁੱਜ ਗਏ ਪਰ ਜਿਹੜੇ ਨਾਅਰੇ 'ਸ਼ਰੀਫ' ਨੌਜਵਾਨਾਂ ਨੇ ਲਗਾਏ ਹੋਣਗੇ ਉਹ ਵੀ ਫੂਨ ਰਾਹੀਂ ਦਸ ਦਿਤੇ ਜਾਂਦੇ ਤਾਂ ਚੰਗਾ ਹੁੰਦਾ । ਮੈਂ ਇਥੇ ਬੈਠਾ ਇਹ ਚੰਗੀ ਤਰ੍ਹਾਂ ਅਨੁਮਾਨ ਲਗਾ ਸਕਨਾ ਹਾਂ ਕਿ ਉਹ ਨਾਅਰੇ ਕੀ ਹੋਣਗੇ । ਪਰ ਨਹੀਂ ਖਬਰ ਇਸ ਤਰ੍ਹਾਂ ਦੇਣੀ ਹੈ ਕਿ ਹਿੰਦੂ ਸਿੱਖ ਵਿਚ ਵੱਧ ਤੋਂ ਵੱਧ ਪਾੜਾ ਪਾਇਆ ਜਾਏ । ਭਿੰਡਰਾਂ ਵਾਲੇ ਨੂੰ 'ਹੁਣ ਹਥਿਆਰ ਚੁਕਣ ਤੇ ਮਜਬੂਰ ਹੋਣਾ ਪਿਆ ਹੈ, ਜਿਸ ਤਰ੍ਹਾਂ ਅਗੇ ਉਹ ਤਿੰਨ ਸਾਲਾਂ ਤੋਂ ਬਗੈਰ ਹਥਿਆਰ ਦੇ ਹੀ ਤੁਰਿਆ ਫਿਰਦਾ ਹੈ । ਉਤਰੀ ਅਮਰੀਕਾ ਵਿਚ ਇਹ ਦਲ ਖਾਲਸੇ ਦੇ ਫੀਲਡ ਕਮਾਂਡਰ ਜਿਨ੍ਹਾਂ ਦੀਆਂ ਸਾਰੀਆਂ ਜਾਇਦਾਦਾਂ ਉਤਰੀ ਅਮਰੀਕਾ ਵਿਚ ਹੀ ਹੋਣਗੀਆਂ, ਉਸ ਫੀਲਡ ਕਮਾਂਡਰ ਨੂੰ ਕੀ ਫਿਕਰ ਹੈ ਜੇਕਰ ਪੰਜਾਬ ਵਿਚ ਪਾਕਿਸਤਾਨ ਦੇ ਬਣਨ ਵਾਲੇ ਹਾਲਾਤ ਹੋ ਜਾਣ । ਵੱਢ ਟੁੱਕ ਹੋ ਜਾਏ, ਧੀਆਂ ਭੈਣਾਂ ਦੇ ਨੰਗੇ ਜਲੂਸ ਨਿਕਲ ਜਾਣ । ਉਸ ਫੀਲਡ ਕਮਾਂਡਰ ਦੀਆਂ ਕਿਹੜੀਆਂ ਧੀਆਂ ਭੈਣਾਂ ਪੰਜਾਬ ਬੈਠੀਆਂ ਹਨ । ਉਹ ਬੜੀ ਗੈਰ ਜ਼ਿੰਮੇਵਾਰੀ ਨਾਲ ਜੋ ਅੜੇ ਸੋ ਝੜੇ ਦਾ ਨਾਅਰਾ ਦੇ ਸਕਦਾ ਹੈ, ਬੰਬਈ, ਕਲਕੱਤਾ, ਕਾਨਪੁਰ ਬੈਠੇ ਲੱਖਾਂ ਸਿੱਖਾਂ ਦੇ ਹਿੱਤਾਂ ਦਾ ਇਸ ਫੀਲਡ ਕਮਾਂਡਰ ਨੂੰ ਕੀ ਫਿਕਰ ਹੋਣਾ ਹੈ ? ਕਨੇਡਾ ਵਿਚ ਆਪਣੇ ਨਾਟਕਾਂ ਤੇ ਆਏ ਹਜ਼ਾਰਾਂ ਲੋਕਾਂ ਨਾਲ ਮੈਂ ਇਹ ਸਵਾਲ ਉਠਾਉਣ ਦਾ ਯਤਨ ਕੀਤਾ ਹੈ । ਆਪਣੇ ਖਾੜਕੂ ਵਿਰਸੇ ਨੂੰ ਦਸਦਿਆਂ ਉਹਨਾਂ ਨੂੰ ਇਸ ਜਬਰ ਸਿਸਟਮ ਦੇ ਵਿਰੁਧ ਸੰਘਰਸ਼ ਦਾ ਸੁਨੇਹਾ ਦਿਤਾ ਹੈ । 'ਇਕ ਮਾਂ ਦੋ ਮੁਲਕ' ਵਰਗੇ ਨਾਟਕਾਂ ਵਿਚ ਆਪਣੇ ਭਰਾਵਾਂ ਨੂੰ ਖਬਰਦਾਰ ਵੀ ਕੀਤਾ ਹੈ ਕਿ ਜਿਹੜੀ ਖੇਡ ਉਸ ਵੇਲੇ ਇਕ ਪਾਸੇ ਮੁਸਲਮਾਨ ਮੁਜਾਹਿਦਾਂ ਤੇ ਦੂਜੇ ਪਾਸੇ ਸਿੰਘ ਸੂਰਮਿਆਂ, ਨੇ ਖੇਡੀ ਸੀ, ਉਹੀ ਖੇਡ ਇਹ ਹਿੰਦੂ ਰਖਸ਼ਾ ਸੰਮਤੀ ਜਾਂ 'ਦਲ ਖਾਲਸਾ' ਦੇ ਸੂਰਮੇ ਖੇਡਣਾ ਚਾਹੁੰਦੇ ਹਨ । ਜੋ ਹੁੰਗਾਰਾ ਇਨ੍ਹਾਂ ਵਿਚਾਰਾਂ ਦਾ ਇਥੇ ਮਿਲਦਾ ਹੈ ਉਹ ਇਹ ਯਕੀਨ ਦਿਵਾਂਦਾ ਹੈ ਕਿ ਗਲਤ ਅਨਸਰ ਇਸ ਖੇਡ ਵਿਚ ਕਾਮਯਾਬ ਨਹੀਂ ਹੋਣਗੇ ਪਰ ਇਸਤੋਂ ਇਨਕਾਰ ਵੀ ਨਹੀਂ ਕੀਤਾ ਜਾ ਸਕਦਾ ਕਿ ਸਮਾਜ ਵਿਰੋਧੀ ਇਹਨਾਂ ਅਨਸ਼ਰਾਂ ਵਿਰੁਧ ਇਕ ਲੰਮੀ ਤੇ ਲਗਾਤਾਰ ਘਾਲਣਾ ਦੀ ਲੋੜ ਹੈ ਤੇ ਇਸ ਲੜਾਈ ਵਿਚ ਜਿਥੇ ਮੁੱਖ ਤੌਰ ਤੇ ਕੇਂਦਰ ਦੇ ਹਾਕਮਾਂ ਨੂੰ ਨੰਗਾ ਕਰਨਾ ਜ਼ਰੂਰੀ ਹੈ ਜੋ ਮਸਲੇ ਨੂੰ ਖਾਮਖਾਹ ਲੰਮਾ ਕਰਕੇ ਜੜ੍ਹ ਰੂਪ ਵਿਚ ਇਸ ਸਾਰੇ ਸੰਕਟ ਦੇ ਜ਼ਿੰਮੇਵਾਰ ਹਨ, ਉਥੇ ਸੰਤ ਲੌਂਗੋਵਾਲ ਹੋਰਾਂ ਕੋਲੋਂ ਵੀ ਪੁਛਿਆ ਜਾਏ ਕਿ ਕੀ ਤੁਸੀਂ ਮੋਰਚਾ ਇਸ ਲਈ ਲਗਾਇਆ ਹੈ ਕਿ ਤੁਹਾਡੀ ਬੁੱਕਲ ਵਿਚ ਬੈਠੇ ਧਾਰਮਕ ਜਨੂੰਨੀ ਅਤੇ ਪ੍ਰਤੀਕਰਮ ਵਿਚ ਉਠੇ ਹਿੰਦੂ ਜਨੂੰਨੀ ਪੰਜਾਬ ਨੂੰ ਅੱਗ ਲਗਾਉਣ ਵਿਚ ਕਾਮਯਾਬ ਹੋ ਜਾਣ । ਜੇ ਨਹੀਂ ਤਾਂ ਫੇਰ ਇਹਨਾਂ ਸਿਖ ਜਨੂੰਨੀਆਂ ਨੂੰ ਮੰਜੀ ਸਾਹਿਬ ਦੇ ਦੀਵਾਨਾਂ ਵਿਚ ਮੋਰਚੇ ਦੇ ਨਾਂ ਤੇ ਬੋਲਣ ਦੀ ਕਿਉਂ ਇਜਾਜ਼ਤ ਦਿਤੀ ਜਾਂਦੀ ਹੈ ? ਕਾਤਲਾਂ ਨੂੰ ਕਿਉਂ ਗੁਰੂ ਨਾਨਕ ਨਿਵਾਸ ਵਿਚ ਪਨਾਹਾਂ ਦਿਤੀਆਂ ਜਾਂਦੀਆਂ ਹਨ ? ਤੁਹਾਡੀ ਸੁਹਿਰਦਤਾ, ਦਲੇਰੀ ਤੇ ਇਮਾਨਦਾਰੀ ਦਾ ਇਹ ਇਮਤਿਹਾਨ ਹੈ ਅਗਰ ਪੰਜਾਬ ਵਿਚ ਵੱਡੇ ਪੈਮਾਨੇ ਤੇ ਇਹ ਅਨਸਰ ਅੱਗ ਲਗਾਉਣ ਵਿਚ ਕਾਮਯਾਬ ਹੋ ਗਏ ਤਾਂ ਤੁਸੀਂ ਇਸਦੇ ਬਰਾਬਰ ਦੇ ਜ਼ਿੰਮੇਵਾਰ ਹੋਵੋਗੇ ।

**ਗੁਰਸ਼ਰਨ ਸਿੰਘ**
**ਟਰਾਂਟੋ 6 ਜੁਲਾਈ 1983**

## ਸੰਪਾਦਕੀ ਟਿੱਪਣੀਆਂ

### 1. ਬਦੇਸ਼ੀ ਏਜੈਂਟ :

ਕਮਿਊਨਿਸਟ ਸਿਧਾਂਤ ਇਕ ਕੌਮਾਂਤਰੀ ਸਿਧਾਂਤ ਹੈ। ਕੌਮਾਂਤਰੀ ਪ੍ਰੋਲਤਾਰੀ ਭਾਈਚਾਰਾ ਇਸ ਸਿਧਾਂਤ ਦਾ ਇਕ ਬੁਨਿਆਦੀ ਨੁਕਤਾ ਹੈ। ਕਮਿਊਨਿਸਟਾਂ ਨੇ ਕਦੀ ਇਹ ਛੁਪਾਇਆ ਨਹੀਂ ਕਿ ਸੰਸਾਰ ਇਨਕਲਾਬ ਉਹਨਾਂ ਦਾ ਅਕੀਦਾ ਹੈ ਅਤੇ ਦੁਨੀਆ ਵਿਚ ਦੂਸਰੇ ਮੁਲਕਾਂ ਵਿਚ ਜਿਥੇ ਪ੍ਰੋਲਤਾਰੀ ਇਨਕਲਾਬ ਆਏ ਹਨ ਜਾਂ ਇਨਕਲਾਬ ਸੰਘਰਸ਼ ਹੋ ਰਹੇ ਹਨ, ਬਾਕੀ ਦੁਨੀਆ ਦੇ ਕਮਿਊਨਿਸਟ ਉਹਨਾਂ ਦਾ ਡੂੰਘਾ ਅਧਿਐਨ ਕਰਦੇ ਹਨ ਤੇ ਉਹਨਾਂ ਤੋਂ ਪ੍ਰੇਰਨਾ ਵੀ ਲੈਂਦੇ ਹਨ। ਰੂਸ ਦਾ ਇਨਕਲਾਬ ਵੀ ਪ੍ਰੇਰਨਾ ਸੀ ਅਤੇ ਚੀਨ ਦਾ ਇਨਕਲਾਬ ਵੀ ਪ੍ਰੇਰਨਾ ਸੀ। ਮਾਰਕਸ, ਲੈਨਿਨ, ਸਟਾਲਿਨ, ਮਾਓ ਦੀਆਂ ਲਿਖਤਾਂ ਧਿਆਨ ਨਾਲ ਪੜ੍ਹੀਆਂ ਜਾਂਦੀਆਂ ਹਨ। ਸਾਡੇ ਦੇਸ਼ ਵਿਚ ਦੁਸ਼ਮਣਾਂ ਕੋਲ ਕਮਿਊਨਿਸਟਾਂ ਦੀ ਭੰਡੀ ਲਈ ਵੱਡਾ ਹਥਿਆਰ ਇਹੀ ਰਿਹਾ ਹੈ ਕਿ ਉਹਨਾਂ ਨੂੰ ਬਦੇਸ਼ੀ ਏਜੰਟ ਕਹਿਕੇ ਪਰਚਾਰਿਆ ਜਾਏ। ਇਹ ਪਰਚਾਰ ਕਰਨ ਵਾਲੇ ਆਪ ਕਿੰਨੇ ਵਡੇ ਚੋਰ ਹਨ ਅਤੇ ਬਦੇਸ਼ਾਂ ਕੋਲੋਂ ਕ੍ਰੋੜਾਂ ਲੈਕੇ ਉਹਨਾਂ ਦੀ ਏਜੰਟੀ ਕਰਦੇ ਹਨ, ਇਹਦੀਆਂ ਦੋ ਮਿਸਾਲਾਂ ਨੇ ਸਾਰੇ ਹਿੰਦੋਸਤਾਨੀਆਂ ਦੀਆਂ ਅੱਖਾਂ ਖੋਲ੍ਹ ਦਿਤੀਆਂ ਹਨ ਕਿ ਅਸਲੀ ਬਦੇਸ਼ੀ ਏਜੰਟ ਕੌਣ ਹਨ ? ਅਤੇ ਇਹ ਬਦੇਸ਼ੀ ਏਜੰਟ ਕੋਈ ਛੋਟੀਆਂ ਮੋਟੀਆਂ ਨਹੀਂ ਹਨ ਸਗੋਂ ਹਿੰਦੋਸਤਾਨ ਦੀ ਹੁਣ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਰਹਿ ਚੁਕਿਆ ਪ੍ਰਧਾਨ ਮੰਤਰੀ ਮੁਰਾਰ ਜੀ ਡੇਸਾਈ ਹੈ। ਅਮਰੀਕਾ ਦਾ ਇਕ ਬੜਾ ਪ੍ਰਸਿਧ ਅਖਬਾਰ ਨਵੀਸ ਸੀਮੋਰ ਹੇਰਿਸ਼ ਹੈ, ਉਹਨੇ ਇਕ ਕਿਤਾਬ The Price of Power (ਕੁਰਸੀ ਦੀ ਕੀਮਤ) ਲਿਖੀ ਹੈ। ਉਹ ਕਿਤਾਬ ਤਾਂ ਭਾਵੇਂ ਅਮਰੀਕਾ ਦੇ ਪਹਿਲੇ ਪ੍ਰਧਾਨ ਕਸਿੰਗਰ ਬਾਰੇ ਹੈ, ਪਰ ਉਹਦੇ ਵਿਚ ਇਨਕਸ਼ਾਫ ਕੀਤਾ ਗਿਆ ਹੈ ਕਿ 1967–68 ਦੇ ਸਮੇਂ ਵਿਚ ਜਦੋਂ ਜੋਹਨਸਨ ਅਮਰੀਕਾ ਦੇ ਪ੍ਰਧਾਨ ਸਨ ਤਾਂ C. I. A (ਅਮਰੀਕਾ ਦੀ ਖੁਫੀਆ ਏਜੰਸੀ) ਵਲੋਂ ਮੁਰਾਰ ਜੀ ਡੇਸਾਈ ਨੂੰ 20 000 ਡਾਲਰ ਸਾਲਾਨਾ ਰਕਮ ਇਸ ਲਈ ਦਿਤੀ ਜਾਂਦੀ ਸੀ ਕਿ ਉਹ ਹਿੰਦੋਸਤਾਨ ਸਰਕਾਰ ਵਿਚ ਅਮਰੀਕਾ ਦੀ ਏਜੰਟੀ ਕਰੇ (ਮੁਰਾਰ ਜੀ ਡੇਸਾਈ ਉਸ ਵੇਲੇ ਇੰਦਰਾ ਸਰਕਾਰ ਦਾ ਉਪ ਪ੍ਰਧਾਨ ਮੰਤਰੀ ਸੀ। ਮੁਰਾਰ ਜੀ ਡੇਸਾਈ ਨੇ ਇਸ ਇਲਜ਼ਾਮ ਦੀ ਬੰਬਈ ਵਿਚ ਤਰਦੀਦ ਕੀਤੀ ਹੈ। ਉਹਦੇ ਕੁਝ ਹਮਾਇਤੀਆਂ ਨੇ ਅਮਰੀਕਾ ਵਿਚ ਇਹ ਧਮਕੀ ਦਿੱਤੀ ਹੈ ਕਿ ਅਸੀਂ ਉਸ ਅਖਬਾਰ ਨਵੀਸ ਵਿਰੁਧ ਮੁੱਕਦਮਾਂ ਚੱਲਾਵਾਂਗੇ ਕਿ ਉਹਨੇ ਝੂਠ ਬੋਲਿਆ ਹੈ। ਅੱਖਬਾਰ ਨਵੀਸ ਨੇ ਅਗੋਂ ਡੱਟਵਾਂ ਜਵਾਬ ਦਿੱਤਾ ਹੈ "ਹਾਂ ਚਲਾਓ ਮੁਕੱਦਮਾ, ਤਾਂ ਜੋ ਮੈਂ ਹੋਰ ਵੀ ਸਚਾਈਆਂ, ਬਾਹਰ ਲਿਆਵਾਂ ਜੋ ਮੈਂ ਕਿਤਾਬ ਵਿਚ ਨਹੀਂ ਲਿਖਿਆਂ ਸਨ 'ਤੇ ਜਿਨ੍ਹਾਂ ਬਾਰੇ ਮੇਰੇ ਕੋਲ ਪੂਰੇ ਸਬੂਤ ਹਨ।" ਅਮਰੀਕਾ ਦੀਆਂ ਅਖਬਾਰਾਂ ਵਿਚ ਇਸ ਵਾਦਵਿਵਾਦ ਨੇ ਇਹ ਵੀ ਗੱਲ ਬਾਹਰ ਲਿਆਂਦੀ ਹੈ ਕਿ 1959–60 ਵਿਚ ਇੰਦਰਾ ਗਾਂਧੀ ਨੂੰ ਜੋ ਕਿ ਉਸ ਵੇਲੇ ਕਾਂਗਰਸ ਦੀ ਪ੍ਰਧਾਨ ਸੀ, ਇਕ ਵਡੀ ਰਕਮ C. I A ਵੱਲੋਂ ਇਸ ਮੰਤਵ ਲਈ ਦਿਤੀ ਗਈ ਕਿ ਕੇਰਲਾ ਵਿਚ ਬਣੀ ਪਹਿਲੀ ਕਮਿਊਨਿਸਟ ਵਜ਼ਾਰਤ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਤੋੜੀ ਜਾਏ।

ਇਹਨਾਂ ਸਚਾਈਆਂ ਦੇ ਸਨਮੁੱਖ ਹਿੰਦੋਸਤਾਨ ਦੇ ਲੋਕਾਂ ਲਈ ਇਹ ਫੈਸਲਾ ਕਰਨਾ ਮੁਸ਼ਕਿਲ ਨਹੀਂ ਹੋਵੇਗਾ ਕਿ ਬਦੇਸ਼ੀ ਏਜੰਟ ਕੌਣ ਹਨ ? ਉਹ ਲੋਕ ਜੋ ਸਰਕਾਰ ਦੀਆਂ ਸਰਵ ਉੱਤਮ ਪਦਵੀਆਂ 'ਤੇ ਬੈਠਕੇ ਬਦੇਸ਼ੀ ਸਰਕਾਰਾਂ ਕੋਲੋਂ ਕ੍ਰੋੜਾਂ ਰੁਪਏ ਲੈ ਕੇ ਦੇਸ਼ ਦੇ ਹਿੱਤ ਵੇਚਦੇ ਹਨ ਜਾਂ ਉਹ ਜਿਹੜੇ ਸ਼ਰੇਆਮ ਦੂਜੇ ਦੇਸ਼ਾਂ ਦੇ ਸੰਘਰਸ਼ਸ਼ੀਲ ਲੋਕਾਂ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਹੋਏ ਹਿੰਦੋਸਤਾਨ ਦੇ ਲੋਕਾਂ ਦੀ ਮੁਕਤੀ ਵਾਸਤੇ ਸੰਘਰਸ਼ ਕਰਦੇ ਹਨ।

### 2. ਅਸੀਂ ਜੋ ਬਾਰਾਂ ਸਾਲ 'ਚ ਵੀ ਨਹੀਂ ਸਿਖਿਆ :

ਦੇਸ਼ ਤੋਂ ਦੂਰ ਬੈਠੇ ਪੰਜਾਬ ਵਿਚੋਂ ਨਿਕਲਦੇ ਸਾਰੇ ਇਨਕਲਾਬੀ ਪਰਚੇ 20–25 ਦਿਨ ਪਛੜਕੇ ਮਿਲੇ ਹਨ। ਜੈਕਾਰਾ, ਸੁਰਖ ਰੇਖਾ, ਹਰਾਵਲ ਦਸਤਾ, ਜ਼ਫਰਨਾਮਾ ਸਾਰੇ ਹੀ ਪਰਚੇ ਮਿਲੇ ਹਨ। ਪੰਜਾਬ ਦੀ ਸੁਥਿਤੀ ਬਾਰੇ ਸਾਰਿਆਂ ਦੀ ਰਾਏ ਜਾਣਕੇ ਤਸੱਲੀ ਹੋਈ ਹੈ ਕਿ ਇਨ-ਕਲਾਬੀ ਸਫਾਂ ਲੋਕਾਂ ਵਿਚ ਵੱਧ ਤੋਂ ਵੱਧ ਏਕਤਾ ਰੱਖਣ ਵਿਚ ਸਰਗਰਮ ਹਨ। ਜੈਕਾਰਾ ਦੇ ਆਖਰੀ ਸਫੇ ਦੇ ਇਕ ਖੱਤ 'ਅਸੀ ਜੋ ਬਾਰਾਂ ਸਾਲ 'ਚ ਵੀ ਨਹੀਂ ਸੀ ਸਿਖਿਆ' ਨੇ ਧਿਆਨ ਖਿਚਿਆ ਹੈ। ਇਹ ਖੱਤ ਇਨਕਲਾਬੀ ਕਮਿਊਨਿਸਟ ਪਾਰਟੀ ਦੇ ਜਨਮ ਦਿਹਾੜੇ ਪਹਿਲੀ ਮਈ ਦੇ ਸੰਦਰਭ ਵਿਚ ਲਿਖਿਆ ਗਿਆ ਹੈ। ਖੱਤ ਵਿਚ ਪਰਗਟਾਏ ਗਏ ਜਜ਼ਬੇ ਕਿ ਸਾਨੂੰ ਬੁਨਿਆਦੀ ਜਮਾਤਾਂ ਵਿਚ ਜਾਣਾ ਚਾਹੀਦਾ ਸੀ ਨਾਲ ਸਹਿਮਤ ਹੁੰਦੇ ਹੋਏ ਵੀ ਖਤ ਦਾ ਸਿਰਲੇਖ ਠੀਕ ਨਹੀਂ ਲਗਿਆ। ਜੋ ਕੁਝ ਲਹਿਰ ਦੀ ਹੁਣ ਸਥਿਤੀ ਹੈ ਜਾਂ ਸਾਥੀਆਂ ਨੂੰ ਨਵੇਂ ਪੰਧ ਤੇ ਚਲਣ ਦੀ ਪ੍ਰੇਰਨਾ ਹੈ, ਉਹ ਕਿਸੇ ਦੇ 12 ਸਾਲ ਦੇ ਤਜਰਬੇ ਦੀ ਦੇਣ ਹੈ। ਗਲਤੀਆਂ ਤੋਂ ਸਿੱਖਦੇ ਹੋਏ ਵੀ ਸਾਨੂੰ ਸੱਚੇ ਤੇ ਸੁੱਚੇ ਇਨਕਲਾਬੀਆਂ ਵਾਂਗ ਆਪਣੀ ਲਹਿਰ ਤੇ ਉਸ ਤਜਰਬੇ ਤੇ ਮਾਨ ਹੋਣਾ ਚਾਹੀਦਾ ਹੈ ਜੋ ਅਸੀਂ ਇਮਾਨਦਾਰੀ ਨਾਲ ਹੰਡਾਇਆ ਹੈ ਉਸਤੋਂ ਮੁਨਕਰ ਹੋਣਾ ਸਿਆਣਪਤਾ ਨਹੀਂ। ਆਪਣੇ ਇਰਾਦੇ ਉਤੇ ਦ੍ਰਿੜ ਹੁੰਦਿਆਂ ਵੀ ਸਾਨੂੰ ਆਪਣੀਆਂ ਗਲਤੀਆਂ ਸਵੀਕਾਰ

ਕਰਨ ਦੀ ਅਤੇ ਗਲਤੀਆਂ ਤੋਂ ਸਬਕ ਲੈਣ ਦੀ ਨਿਮ੍ਰਤਾ ਹੋਣੀ ਚਾਹੀਦੀ ਹੈ।

## 3. ਸਿਆਸੀ ਕੈਦੀ

ਦਿੱਲੀ ਵਿਚ ਸਿਆਸੀ ਕੈਦੀਆਂ ਦੀ ਰਿਹਾਈ ਲਈ ਇਕ ਕਮੇਟੀ ਬਣੀ ਹੈ, ਜਿਸਦਾ ਜ਼ਿਕਰ ਕਲੱਕਤਾ ਤੋਂ ਨਿਕਲਦੇ ਪਰਚੇ 'ਫਰੰਟੀਅਰ' ਦੇ 28 ਮਈ 1983 ਵਾਲ਼ੇ ਅੰਕ ਵਿਚ ਆਇਆ ਹੈ। ਇਸ ਕਮੇਟੀ ਦਾ ਪਤਾ **Committee For The Release of Political Prisoners, 5 Dulichand Quarters, Ber Sarai, New Delhi,** 110016, ਹੈ। ਇਸ ਕਮੇਟੀ ਨੇ ਹਿੰਦੋਸਤਾਨ ਵਿਚ ਸਿਆਸੀ ਕੈਦੀਆਂ ਬਾਰੇ ਇਕ ਰੀਪੋਰਟ ਛਾਪੀ ਹੈ। ਇਸ ਰੀਪੋਰਟ ਅਨੁਸਾਰ ਹਿੰਦੋਸਤਾਨ ਵਿਚ ਇਸ ਵੇਲੇ ਤਿੰਨ ਕਿਸਮ ਦੇ ਸਿਆਸੀ ਕੈਦੀ ਹਨ। ਉਹਨਾਂ ਵਿਚੋਂ ਇਕ ਉਹ ਹਨ ਜੋ ਜਮਹੂਰੀ ਹੱਕਾਂ ਲਈ ਲੜਦੇ ਹੋਏ ਹਕੂਮਤ ਦੇ ਜ਼ਬਰ ਦਾ ਸ਼ਿਕਾਰ ਬਣੇ ਹਨ। ਦੂਜੇ ਉਹ ਹਨ ਜੋ ਇਲਾਕਾਈ ਹੱਕਾਂ ਲਈ ਲੜਦੇ ਹੋਏ ਬੰਦੀ ਬਣੇ ਹਨ ਤੇ ਤੀਜੇ ਉਹ ਹਨ ਜੋ ਇਸ ਸਾਰੇ ਸਿਸਟਮ ਵਿਚ ਬੁਨਿਯਾਦੀ ਤਬਦੀਲੀ ਚਾਹੁੰਦੇ ਹਨ ਅਤੇ ਸਮਾਜਕ ਨਿਆਂ ਲਈ ਸੰਘਰਸ਼ ਦੇ ਜੁਰਮ ਵਿਚ ਫੜੇ ਹੋਏ ਹਨ। ਸਾਰੇ ਹਿੰਦੋਸਤਾਨ ਵਿਚ ਕਰੀਏ ਤਾਂ ਇਹਨਾਂ ਦੀ ਗਿਣਤੀ ਹਜ਼ਾਰਾਂ ਵਿਚ ਚਲੀ ਜਾਂਦੀ ਹੈ, ਇਹਨ੍ਹਾਂ ਵਿਚ ਬਹੁਤੇ ਉਹੀ ਹਨ ਜੋ 'ਹਵਾਲਾਤੀ ਕੈਦੀ' ਕਹੇ ਜਾਂਦੇ ਹਨ। ਹਾਲੀ ਤਕ ਉਹਨਾਂ ਦਾ ਕੋਈ ਜੁਰਮ ਦੇਸ਼ ਦੀਆਂ ਕਚੈਹਰੀਆਂ ਵਿਚ ਸਾਬਤ ਨਹੀਂ ਕੀਤਾ ਜਾ ਸਕਿਆ। ਉਹ ਸਾਲਾਂ ਤੋਂ ਕੈਦਾਂ ਭੁਗਤ ਰਹੇ ਹਨ। ਬਿਹਾਰ ਵਿਚ ਤਾਂ ਇਹ ਜ਼ੁਲਮ ਹੈ ਕਿ ਸਿਆਸੀ ਕਾਰਕੁਨ ਨੂੰ ਜੇਲ ਵਿਚ ਸੁੱਟਿਆ ਹੋਇਆ ਹੈ ਪਰ ਉਹਦਾ ਕੋਈ ਕਾਗਜ਼ ਤਕ ਨਹੀਂ ਬਣਾਇਆ ਗਿਆ। ਕਿਸੇ ਵਜ੍ਹਾ ਕਰਕੇ ਉਹਨਾਂ ਨੂੰ ਜੇਲ ਵਿਚ ਝੂਠੇ 'ਜੇਲ ਮੁਕਾਬਲੇ' ਕਰਕੇ ਮਾਰ ਵੀ ਦਿੱਤਾ ਜਾਂਦਾ ਹੈ ਤੇ ਬਾਹਰ ਕੋਈ ਸੂਹ ਨਹੀਂ ਨਿਕਲਦੀ। ਜੇਕਰ ਇਹ ਕਿਹਾ ਜਾਏ ਕਿ ਹਿੰਦੋਸਤਾਨ ਦਾ ਉਤਰ ਦਾ ਸਾਰਾ ਇਲਾਕਾ (ਨੇਫਾ) ਫੌਜੀ ਇੰਤਜ਼ਾਮ ਦੇ ਥੱਲੇ ਇਕ ਵੱਡਾ ਜੇਲਖਾਨਾ ਬਣ ਗਿਆ ਹੈ ਤਾਂ ਇਹ ਅਤਿਕਥਨੀ ਨਹੀਂ ਹੋਏਗੀ। ਸਪੈਸ਼ਲ ਆਰਮਡ ਫੋਰਸਿਜ਼ ਐਕਟ ਦੇ ਥੱਲੇ, ਜਿਹੜਾ ਇਸ ਇਲਾਕੇ ਵਿਚ ਲਗਾਇਆ ਗਿਆ ਹੈ, ਕੋਈ ਵੀ ਫੌਜੀ ਜਿਸਦਾ ਰੈਂਕ ਹਵਾਲਦਾਰ ਹੈ, ਉਹ ਕਿਸੇ ਵੀ ਵਿਅਕਤੀ ਨੂੰ ਬਗ਼ੈਰ ਕਾਰਨ ਦਸੇ ਗੋਲੀ ਮਾਰ ਸਕਦਾ ਹੈ, ਤਕਨੀਕੀ ਸ਼ਬਦਾਂ ਵਿਚ, ਨਾਗਾਲੈਂਡ ਵਿਚ 70 ਤੋਂ ਉਤੇ ਸਿਆਸੀ ਕੈਦੀ ਹਨ। ਮਨੀਪੁਰ ਵਿਚ ਇਹ ਸਿਆਸੀ ਕੈਦੀ ਵੱਡੀ ਗਿਣਤੀ ਵਿਚ ਹਨ। ਇਹਨਾਂ ਵਿਚ ਬਿਸ਼ੇਸ਼ਵਰ ਸਿੰਘ ਅਤੇ ਚੋਂਗ ਥਾਮ ਬਿਜੈ ਸਿੰਘ ਵਰਗੇ ਲੋਕਾਂ ਦੇ ਹਰਮਨ ਪਿਆਰੇ ਆਗੂ ਵੀ ਸ਼ਾਮਲ ਹਨ। ਮਿਜ਼ੋਰਾਮ, ਅਰੁਣਾਚਲ, ਮੇਘਾਲਿਆ ਆਦਿਕ ਵਿਚ ਵੀ ਇਹੋ ਜਹੀ ਹਾਲਤ ਹੈ, ਲੱਖਾਂ ਦੀ ਗਿਣਤੀ ਵਿਚ ਇਥੇ ਫੌਜ ਤਾਇਨਾਤ ਕੀਤੀ ਗਈ ਹੈ ਅਤੇ ਹਰ ਕਿਸਮ ਦੇ ਕਾਲੇ ਕਾਨੂੰਨ ਇਥੇ ਲਾਗੂ ਕੀਤੇ ਗਏ ਹਨ। ਕੁਝ ਇਲਾਕੇ ਤਾਂ ਐਸੇ ਹਨ, ਜਿਨ੍ਹਾਂ ਵਿਚ ਬਾਹਰੋਂ ਗਏ ਸਾਧਾਰਨ ਹਿੰਦੋਸਤਾਨੀ ਵੀ ਬਗ਼ੈਰ ਪਰਮਿਟ ਦੇ ਦਾਖਲ ਨਹੀਂ ਹੋ ਸਕਦੇ। ਫੌਜੀ ਬੂਟਾਂ ਥੱਲੇ ਇਹਨਾਂ ਇਲਾਕਿਆਂ ਵਿਚ ਇਕ ਦਹਿਸ਼ਤ ਜਹੀ ਪਾਈ ਹੋਈ ਹੈ ਤੇ ਕੋਈ ਵੀ ਖਬਰ ਇਸ ਇਲਾਕੇ ਤੋਂ ਬਾਹਰ ਨਹੀਂ ਨਿਕਲਣ ਦਿਤੀ ਜਾਂਦੀ।

ਤਾਜ਼ੀਆਂ ਘਟਨਾਵਾਂ ਵਿਚ ਸਿਆਸੀ ਵਿਚਾਰਾਂ ਕਰਕੇ ਸਾਰਿਆਂ ਨਾਲੋਂ ਵੱਧ ਗਰਿਫਤਾਰੀਆਂ ਦੀ ਖਬਰ ਅਸਾਮ ਤੋਂ ਆਈ ਹੈ। ਇਹਨਾਂ ਵਿਚ ਬੁੱਧੀਜੀਵੀ, ਸਾਇੰਸਦਾਨ, ਲੇਖਕ ਤੇ ਅਖਬਾਰ ਨਵੀਸ ਵੀ ਹਨ। ਐਨ. ਐਸ. ਏ. ਅਤੇ ਹੋਰ ਕਾਲੇ ਕਾਨੂੰਨਾਂ ਥੱਲੇ ਇਹ ਨਜ਼ਰਬੰਦੀਆਂ ਕੀਤੀਆਂ ਗਈਆਂ ਹਨ। ਜ਼ਿਲਿਆਂ ਦੇ ਜ਼ਿਲੇ ਗੜਬੜ ਵਾਲ਼ੇ ਇਲਾਕੇ ਕਰਾਰ ਦਿਤੇ ਗਏ ਹਨ ਅਤੇ ਉਹਨਾਂ ਬਾਰੇ ਇਕ ਖਬਰ ਵਿਚ ਸੈਂਸਰਸ਼ਿਪ ਲੱਗਾ ਦਿਤੀ ਗਈ ਹੈ। ਇਸ ਕਰਕੇ ਸਿਆਸੀ ਕੈਦੀਆਂ ਬਾਰੇ ਪੂਰੀ ਜਾਣਕਾਰੀ ਮਿਲਣੀ ਮੁਸ਼ਕਿਲ ਹੋ ਰਹੀ ਹੈ। ਜਦੋਂ ਸਾਰੇ ਹਿੰਦੋਸਤਾਨ ਦੇ ਅੰਕੜੇ ਇਕੱਠੇ ਕੀਤੇ ਜਾਣ ਤਾਂ ਇਹਨਾਂ ਸਿਆਸੀ ਕੈਦੀਆਂ ਵਿਚ ਬਹੁਤ ਸਾਰੇ ਉਹ ਵੀ ਹਨ ਜੋ 1970 ਤੋਂ ਪੱਛਮੀ ਬੰਗਾਲ, ਤਾਮਿਲਨਾਡੂ, ਬਿਹਾਰ, ਕੇਰਲਾ, ਮਹਾਰਾਸ਼ਟਰਾ ਅਤੇ ਹੋਰਨਾਂ ਜੇਲਾਂ ਵਿਚ ਤਸੀਹੇ ਕੱਟ ਰਹੇ ਹਨ ਤੇ ਇਹਨਾਂ ਦੀ ਸੇਹਤਾਂ ਖਤਮ ਹੋ ਚੁੱਕੀਆਂ ਹਨ। ਤਾਮਿਲਨਾਡੂ ਬਾਰੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਉਹ ਪੂਰੀ ਪੁਲੀਸ ਸਟੇਟ ਵਿਚ ਬਦਲ ਚੁਕਿਆ ਹੈ। ਸਿਆਸੀ ਕਾਰਕੁਨਾਂ ਤੋਂ ਇਲਾਵਾ ਇਥੇ ਵੀ ਬਿਹਾਰ ਵਾਕੁਨ ਜਮਹੂਰੀ ਹੱਕਾਂ ਲਈ ਲੜਣ ਵਾਲੀਆਂ ਸੰਸਥਾਵਾਂ ਦੇ ਮੈਂਬਰਾਂ ਨੂੰ ਖੁਲ੍ਹੇ ਆਮ ਪੁਲਸ ਜਬੱਰ ਦਾ ਸ਼ਿਕਾਰ ਬਣਾਇਆ ਗਿਆ ਹੈ। ਆਂਧਰਾ ਤੇ ਪੱਛਮ ਬੰਗਾਲ ਵਿਚ ਤਕਰੀਬਨ ਸਾਰੇ ਹੀ ਸਿਆਸੀ ਕੈਦੀ ਸੀ. ਪੀ. ਆਈ. (ਐਮ. ਐਲ) ਦੇ ਹਨ। ਆਂਧਰਾ ਵਿਚ ਇਹਨਾਂ ਦੀ ਗਿਣਤੀ 200 ਤੋਂ ਵੱਧ ਹੈ। ਆਂਧਰਾ ਵਿਚ ਬਣੀ ਤੇਲਗੂ ਦੇਸਮ ਪਾਰਟੀ ਅਤੇ ਬੰਗਾਲ ਵਿਚ ਮਾਰਕਸੀ ਹਕੂਮਤਾਂ ਨੇ ਚੋਣ ਪ੍ਰੋਗਰਾਮਾਂ ਵਿਚ ਇਹ ਕਿਹਾ ਸੀ ਕਿ ਉਹ ਸਾਰੇ ਸਿਆਸੀ ਕੈਦੀਆਂ ਨੂੰ ਰਿਹਾ ਕਰਨਗੇ ਪਰ ਉਹ ਪ੍ਰੋਗਰਾਮ ਪੂਰੇ ਨਹੀਂ ਹੋਏ ਅਤੇ ਪੁਰਾਣੀ ਕਾਂਗਰਸੀਆਂ ਵਾਲੀਆਂ ਨੀਤੀਆਂ ਹਾਲੇ ਵੀ ਜਾਰੀ ਹਨ। ਕੇਰਲਾ ਵਿਚ 10 ਐਸੇ ਸਿਆਸੀ ਕੈਦੀ

ਹਨ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਮਿਲੀ ਹੋਈ ਹੈ ਅਤੇ ਉਹ ਪਿਛਲੇ ਦਸ ਸਾਲਾਂ ਤੋਂ ਜੇਲ੍ਹਾਂ ਵਿਚ ਹਨ। ਹਿੰਦੋਸਤਾਨ ਭਰ ਵਿਚ ਟਰੇਡ ਯੂਨੀਅਨ ਦੇ ਵਰਕਰ ਵੀ ਹਰ ਐਕਸ਼ਨ ਵੇਲੇ ਵਡੀ ਗਿਣਤੀ ਵਿਚ ਗ੍ਰਿਫ਼ਤਾਰ ਕਰ ਕੇ ਉਹਨਾਂ ਵਿਚ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਗਈ।

ਇਹ ਸਭ ਕੁਝ ਦਸਣ ਦੇ ਬਾਅਦ ਅਪਣੀ ਰੀਪੋਰਟ ਦੇ ਆਖਰੀ ਪੈਰੇ ਵਿਚ ਕਮੇਟੀ ਨੇ ਇਹ ਅਪੀਲ ਕੀਤੀ ਹੈ ਕਿ ਹਿੰਦੋਸਤਾਨ ਭਰ ਦੇ ਜਮਹੂਰੀ ਲੋਕਾਂ ਨੂੰ ਇਹਨਾਂ ਕੈਦੀਆਂ ਦੀ ਰਿਹਾਈ ਵਾਸਤੇ ਇਕ ਜ਼ੋਰਦਾਰ ਸੰਘਰਸ਼ ਕਰਨਾ ਚਾਹੀਦਾ ਹੈ। ਉਹਨਾਂ ਦੀ ਇਸ ਅਪੀਲ ਵਲ ਧਿਆਨ ਦੇਣਾ ਅਤੇ ਮਿਲਕੇ ਇਹ ਸੰਘਰਸ਼ ਕਰਨਾ ਸਾਡਾ ਫਰਜ਼ ਬਣਦਾ ਹੈ। ਇਹਦੇ ਲਈ ਉਤਲੇ ਦਿੜੇ ਹੋਏ ਪਤੇ ਤੇ ਕਮੇਟੀ ਨਾਲ ਸੰਪਰਕ ਪੈਦਾ ਕਰਨਾ ਜ਼ਰੂਰੀ ਹੈ ਤਾਂ ਜੋ ਮਿਥੇ ਹੋਏ ਪ੍ਰੋਗਰਾਮ ਅਨੁਸਾਰ ਮਹਿੰਮ ਚਲਾਈ ਜਾ ਸਕੇ।

## 4. ਪੋਲੈਂਡ :

ਪੋਪ ਦੀ ਫੇਰੀ ਨੇ ਪੋਲੈਂਡ ਨੂੰ ਅਜਕਲ ਫੇਰ ਚਰਚਾ ਦਾ ਵਿਸ਼ਾ ਬਣਾਇਆ ਹੈ। ਤਿੰਨ ਸਾਲ ਹੋਏ ਜਦੋਂ Solidarity (ਸੋਲੀਡੈਰਟੀ) ਨਾਂ ਦੀ ਸੰਸਥਾ ਦੀ ਅਗਵਾਈ ਥੱਲੇ ਪੋਲੈਂਡ ਦੀ ਮਜ਼ਦੂਰ ਜਮਾਤ ਨੇ ਪੋਲੈਂਡ ਦੀ ਕਮਿਊਨਿਸਟ ਸਰਕਾਰ ਦੇ ਵਿਰੁਧ ਸੰਘਰਸ਼ ਦਾ ਝੰਡਾ ਚੁਕਿਆ ਸੀ ਤਾਂ ਇੰਝ ਲਗਿਆ ਸੀ ਕਿ ਮਾਰਕਸੀ ਸਿਧਾਂਤ ਨੂੰ ਮੰਨਣ ਵਾਲਿਆਂ ਅਗੇ ਇਕ ਚਣੌਤੀ ਹੈ ਕਿ ਉਹ ਫੈਸਲਾ ਕਰਨ ਕਿ ਕੀ ਇਹ ਸਿਧਾਂਤ ਵਾਕਈ ਮਜ਼ਦੂਰ ਜਮਾਤ ਦੀ ਮੁਕਤੀ ਦਾ ਸਿਧਾਂਤ ਹੈ, ਜਿਸਦਾ ਉਹ ਦਾਅਵਾ ਕਰਦਾ ਹੈ ? ਇਹ ਸਵਾਲ ਉਠਨਾ ਕੁਦਰਤੀ ਸੀ ਕਿਉਂਕਿ ਜਿਸ ਮਜ਼ਦੂਰ ਜਮਾਤ ਦੀ ਡਿਕਟੇਟਰਸ਼ਿਪ ਦੇ ਨਾਂ ਥੱਲੇ ਹਕੂਮਤ ਚਲ ਰਹੀ ਹੋਵੇ, ਉਹੀ ਜਮਾਤ ਅਪਣੀ ਹਕੂਮਤ ਦੇ ਖਿਲਾਫ ਝੰਡਾ ਚੁਕਣ ਤੇ ਮਜਬੂਰ ਹੋਏ ਤਾਂ ਕੋਈ ਨਾ ਕੋਈ ਗੱਲ ਬੁਨਿਆਦੀ ਤੌਰ ਤੇ ਗ਼ਲਤ ਹੈ। ਉਸ ਵੇਲੇ ਦੋ ਪਾਸੇ ਤੋਂ ਪ੍ਰਚਾਰ ਯੁੱਧ ਚਲਾਇਆ ਗਿਆ ਸੀ। ਪੱਛਮੀ ਤਾਕਤਾਂ ਵੱਲੋਂ ਇਸ ਘਟਨਾ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਕਿ ਪੋਲੈਂਡ ਦੇ ਲੋਕ ਕਮਿਊਨਿਸਟ ਗੁਲਾਮੀ ਦਾ ਜੂਲਾ ਅਪਣੇ ਉਤੋਂ ਲਾਹੁਣਾ ਚਾਹੁੰਦੇ ਹਨ। ਉਹਨਾਂ ਨੂੰ ਇਹ ਪਰਚਾਰ ਕਰਨ ਦਾ ਇਸ ਤੋਂ ਵੱਧ ਸੁਨੈਹਰੀ ਮੌਕਾ ਕਦੋਂ ਮਿਲ ਸਕਦਾ ਸੀ ਅਤੇ ਉਹ ਇਹ ਪਰਚਾਰ ਹੁਣ ਤਕ ਬੜੀ ਸ਼ਿੱਦਤ ਨਾਲ ਚਲਾ ਰਹੇ ਹਨ। ਦੂਜੇ ਪਾਸੇ ਰੂਸੀ ਬਲਾਕ ਵਲੋਂ ਇਹ ਪਰਚਾਰ ਅਰੰਭਿਆ ਗਿਆ ਕਿ ਇਹ ਬਗ਼ਾਵਤ ਉਲਟ ਇਨਕਲਾਬੀਆਂ ਦੀ ਸਾਜ਼ਿਸ਼ ਹੈ ਜੋ ਵਿਸ਼ਵਪੱਧਰ ਤੇ ਪੱਛਮੀ ਤਾਕਤਾਂ ਅਮਰੀਕੀ ਸਾਮਰਾਜੀਆਂ ਦੀ ਅਗਵਾਈ ਵਿਚ ਕਰ ਰਹੇ ਹਨ। ਇਹ ਕਹਿਕੇ ਉਹ ਉਸ ਦਹਿਸ਼ਤ ਨੂੰ ਦਰੁਸਤ ਠਹਿਰਾਉਂਦੇ ਹਨ ਜੋ ਪੋਲੈਂਡ ਦੇ ਬਾਰਡਰ ਆਪਣੀਆਂ ਫੌਜਾਂ ਖੜੀਆਂ ਕਰਕੇ ਉਹ ਪਾਉਂਦੇ ਹਨ। ਜੇ ਪੋਲੈਂਡ ਦੇ ਲੋਕ ਬਾਜ਼ ਨਾ ਆਏ ਤਾ ਉਹਨਾਂ ਦਾ ਉਹੀ ਹਸ਼ਰ ਹੋਏਗਾ ਜੋ ਜ਼ੇਕੋਸਲੋਵੇਕੀਆ ਵਿਚ ਉਹਨਾ ਨੇ ਕੀਤਾ ਸੀ ਜਾਂ ਅਫਗਾਨਿਸਤਾਨ ਵਿਚ ਉਹ ਹੁਣ ਕਰ ਰਹੇ ਹਨ।

ਪੋਲੈਂਡ ਬਾਰੇ ਇਹ ਪਰਚਾਰ ਯੁੱਧ ਭਾਵੇਂ ਜੜ੍ਹ ਰੂਪ ਵਿਚ ਦੋ ਵਿਰੁਧੀ ਧਿਰਾਂ ਵਲੋਂ ਲੜਿਆ ਜਾ ਰਿਹਾ ਹੈ ਪਰ ਇਹਨਾਂ ਦਾ ਸ਼ਿਕਾਰ ਇਕ ਪਾਸੇ ਪੋਲੈਂਡ ਦੇ ਲੋਕ ਬਣੇ ਹਨ ਜਿਹੜੇ ਜਾਇਜ਼ ਤੌਰ ਤੇ ਅਪਣੀ ਜ਼ਿੰਦਗੀ ਨੂੰ ਚੰਗੇਰਾ ਬਨਾਉਣ ਵਾਸਤੇ ਸੰਘਰਸ਼ ਦੇ ਰਾਹ ਤੇ ਚਲਣ ਤੇ ਮਜਬੂਰ ਹੋਏ ਸੀ ਤੇ ਦੂਜੇ ਪਾਸੇ ਮਾਰਕਸ ਦੀ ਸੋਸ਼ਲ ਸਾਇੰਸ ਇਹ ਸ਼ਿਕਾਰ ਬਣੀ ਜੋ ਸਹੀ ਸ਼ਬਦਾਂ ਵਿਚ ਦੁਨੀਆ ਦੇ ਦੱਬੇ ਕੁਚੱਲੇ ਲੋਕਾਂ ਦੀ ਮੁਕਤੀ ਸਾਇੰਸ ਹੈ। ਪੋਲੈਂਡ ਵਿਚ ਜੋ ਕਮਿਊਨਿਸਟਾਂ ਵਲੋਂ ਹਕੂਮਤ ਚਲਾਈ ਜਾ ਰਹੀ ਸੀ, ਉਹ ਸਹੀ ਸ਼ਬਦਾਂ ਵਿਚ ਕਮਿਊਨਿਸਟ ਸਿਧਾਂਤ ਤੇ ਨਹੀਂ ਚਲ ਰਹੀ ਸੀ। ਕਿਸੇ ਇਕ ਸਰਮਾਏਦਾਰ ਦੀ ਥਾਂ ਪੈਦਾਵਾਰੀ ਵਸੀਲਿਆਂ ਦੀ ਮਲਕੀਅਤ ਕੌਮੀ ਹੋ ਜਾਵੇ ਤ, ਜ਼ਰੂਰੀ ਨਹੀਂ ਕਿ ਉਸ ਹਕੂਮਤ ਦਾ ਖਾਸਾ ਸਮਾਜਵਾਦੀ ਹੋ ਜਾਂਦਾ ਹੈ। ਪੈਦਾਵਾਰੀ ਰਿਸ਼ਤੇ ਤਾਂ ਹੀ ਸਮਾਜਵਾਦੀ ਹੁੰਦੇ ਹਨ ਜਦੋਂ ਪੈਦਾਵਾਰ ਤੋਂ ਹੋਏ ਮੁਨਾਫੇ ਦੀ ਮਲਕੀਅਤ ਮੇਹਨਤਕਸ਼ ਲੋਕਾਂ ਦੀ ਹੁੰਦੀ ਹੈ ਅਤੇ ਉਹ ਉਸ ਜਮਾਤ ਦੇ ਲਾਭ ਵਾਸਤੇ ਹੁੰਦੀ ਹੈ। ਕੌਮੀ ਕਰਨ ਦਾ ਮਤਲਬ ਅਪਣੇ ਆਪ ਸਮਾਜਵਾਦ ਨਹੀਂ ਹੋ ਜਾਂਦਾ। ਸਾਡੇ ਅਪਣੇ ਦੇਸ਼ ਵਿਚ ਬਸਾਂ ਦਾ ਕੌਮੀਕਰਨ ਕਰਦਿਆਂ ਹੋਇਆਂ ਅਫਸਰਸ਼ਾਹੀ ਦੇ ਹਿੱਤਾਂ ਨੂੰ ਪੂਰਿਆ ਲਿਆ ਹੈ। ਇਸ ਤਰ੍ਹਾਂ ਪੋਲੈਂਡ ਵਿਚ ਵੀ ਕੌਮੀਕਰਨ ਦੇ ਨਾਂ ਉਤੇ ਅਫਸਰਸ਼ਾਹੀ ਜਾਂ ਨੌਕਰਸ਼ਾਹੀ ਜਮਾਤ ਨੂੰ ਜਨਮ ਦਿਤਾ ਗਿਆ ਤੇ ਜਿਸ ਤਰ੍ਹਾਂ ਅਪਣੇ ਵਰਕਰ ਕੌਮੀ ਕੀਤੇ ਅਦਾਰਿਆਂ ਵਿਚ ਅਪਣੇ ਹੱਕਾਂ ਲਈ ਸੰਘਰਸ਼ ਕਰਦੇ ਹਨ, ਇਸੇ ਤਰ੍ਹਾਂ ਪੋਲੈਂਡ ਵਿਚ ਵੀ ਲੋਕਾਂ ਨੇ ਅਪਣੀ ਬ੍ਰੇਹਤਰੀ ਲਈ ਉਸ ਅਫਸਰਸ਼ਾਹੀ ਜਮਾਤ ਦੀ ਤਾਨਾਸ਼ਾਹੀ ਵਿਰੁਧ ਬਗਾਵਤ ਕੀਤੀ ਜੋ ਪਾਰਟੀ ਦੇ ਨਾਂ ਉਤੇ ਉਹਨਾਂ ਉਤੇ ਠੋਸੀ ਗਈ ਸੀ ਤੇ ਜਿਸਨੂੰ ਰੂਸ ਦੀ ਹਮਾਇਤ ਸੀ। ਪੋਲੈਂਡ ਦੀ ਮਜ਼ਦੂਰ ਜਮਾਤ ਨੇ ਇਹਨਾਂ ਸਾਲਾਂ ਵਿਚ ਸਮਾਜਵਾਦ ਸਿਸਟਮ ਦੇ ਵਿਰੁਧ ਕੋਈ ਸ਼ਬਦ ਨਹੀਂ ਕਿਹਾ ਤੇ ਨਾਂ ਹੀ ਸਮਾਜਵਾਦ ਦੇ ਉਲਟ ਕੋਈ ਕਾਰਵਾਈ ਉਹਨਾਂ ਦਾ ਨਿਸ਼ਾਨਾ ਹੈ। ਇਹ ਨਿਸ਼ਾਨਾ, ਬਦੋਬਦੀ ਇਕ ਪਾਸੇ ਅਮਰੀਕੀ ਪਰਚਾਰ ਅਦਾਰੇ ਤੇ ਦੂਜੇ ਪਾਸੇ ਰੂਸੀ ਪਰਚਾਰ ਅਦਾਰੇ ਉਹਨਾਂ ਨਾਲ ਜੋੜ ਰਹੇ ਹਨ ਤਾਂ ਜੋ

ਉਹ ਅਪਣੇ ਅਪਣੇ ਹਿੱਤਾਂ ਦੀ ਪਾਲਨਾ ਕਰ ਸਕਨ। ਅਮਰੀਕਾ ਦਾ ਹਿੱਤ ਇਸ ਵਿਚ ਹੈ ਕਿ ਸੰਸਾਰ ਭਰ ਦੇ ਸੰਘਰਸ਼ ਕਰਦੇ ਲੋਕਾਂ ਨੂੰ ਮਾਰਕਸਿਜ਼ਮ ਜਾਂ ਇਨਕਲਾਬ ਦੇ ਰਾਹ ਤੋਂ ਬਦਜ਼ਨ ਕਰਨ ਤੇ ਰੂਸ ਵਾਲੇ ਅਪਣੀ ਤਾਨਾਸ਼ਾਹੀ ਨੂੰ ਠੀਕ ਸਿਧ ਕਰਨ ਜ਼ੋ ਉਹਨਾਂ ਨੇ ਪਹਿਲੋਂ ਅਪਣੇ ਅਸਰ ਦੇ ਥੱਲੇ ਯੋਰਪ ਦੇ ਮੁਲਕਾਂ ਤੇ ਲਾਗੂ ਕੀਤੀ ਹੀ ਤੇ ਉਲਟ ਇਨਕਲਾਬ ਵਿਰੁਧ ਲੜਣ ਦੇ ਬਹਾਨੇ ਅਫਗਾਨਿਸਤਾਨ ਵਿਚ ਠੋਸੀ ਹੋਈ ਹੈ। ਪੈਦਾਵਾਰੀ ਰਿਸ਼ਤਿਆਂ ਦਾ ਵਿਸ਼ਲੇਸ਼ਣ ਹੀ ਕਿਸੇ ਮਸਲੇ ਨੂੰ ਜੜ੍ਹ ਰੂਪ ਵਿਚ ਸਮਝਣ ਦਾ ਸਹਾਈ ਹੋ ਸਕਦਾ ਹੈ 'ਅਤੇ ਇਹ ਵਿਸ਼ਲੇਸ਼ਣ ਇਹ ਦਸਦਾ ਹੈ ਕਿ ਪੋਲੈਂਡ ਦੇ ਲੋਕਾਂ ਦੀ ਬਗ਼ਾਵਤ ਸਮਾਜਵਾਦ ਵਿਰੁਧ ਨਹੀਂ ਸਗੋਂ ਸਮਾਜਵਾਦ ਦੇ ਨਾਂ ਉਤੇ ਕਾਇਮ ਹੋਈ ਢੰਭੀ ਨੌਕਰਸ਼ਾਹੀ ਵਿਰੁਧ ਹੈ ਤੇ ਇਸਦਾ ਪਰਗਟਾਵਾ ਉਹ ਹਰ ਮੌਕੇ ਤੇ ਕਰਦੇ ਹਨ। ਪੋਪ ਦੀ ਆਮਦ ਤੇ ਲੱਖਾਂ ਲੋਕਾਂ ਦਾ ਉਹਦੇ ਸਵਾਗਤ ਵਿਚ ਸ਼ਾਮਲ ਹੋਣਾ ਉਸ ਨਫਰਤ ਦਾ ਪਰਗਟਾਵਾ ਹੈ ਜ਼ੋ ਪੋਲੈਂਡ ਦੇ ਲੋਕਾਂ ਦੇ ਦਿਲਾਂ ਵਿਚ ਅਪਣੀ ਉਸ ਫੌਜੀ ਹਕੂਮਤ ਦੇ ਵਿਰੁਧ ਹੈ ਜਿਸਦੀ ਪਿੱਠ ਤੇ ਰੂਸ ਦੀ ਦਿਉ ਤਾਕਤ ਹੈ। ਇਹ ਪਰਗਟਾਵਾ ਉਹਨਾਂ ਦੀ ਮਜ਼ਹਬ ਵਾਸਤੇ ਕੋਈ ਨਵੀਂ ਸ਼ਰਧਾ ਦਾ ਪਰਗਟਾਵਾ ਨਹੀਂ ਜਿਸ ਤਰ੍ਹਾਂ ਕਿ ਪੱਛਮੀ ਦੇਸ਼ਾਂ ਦੀਆਂ ਅਖਬਾਰਾਂ ਕਰ ਰਹੀਆਂ ਹਨ) ਕਿਉਂਕਿ ਪੋਪ ਦੀ ਪੋਲੈਂਡ ਵਿਚ ਪਿਛਲੀ ਫੇਰੀ ਤੋਂ ਬਾਅਦ ਵੀ ਗਿਰਜਿਆਂ ਵਿਚ ਲੋਕਾਂ ਦੀ ਹਾਜ਼ਰੀ ਵਿਚ ਇਹਨਾਂ ਸਾਲ੍ਹਾਂ ਵਿਚ ਕੋਈ ਵਾਧਾ ਨਹੀਂ ਹੋਇਆ। ਮਸਲੇ ਵਲ ਵਿਸ਼ਲੇਸ਼ਣਾਤਮਕ ਪਹੁੰਚ ਹੀ ਮਸਲੇ ਨੂੰ ਸਹੀ ਢੰਗ ਨਾਲ ਸਮਝਣ ਵਿਚ ਮੱਦਦ ਕਰ ਸਕਦੀ ਹੈ ('ਵੈਨਕੂਵਰ ਸਨ' ਵਿਚ ਛਪੇ ਡਾਕਟਰ ਹਰੀ ਸ਼ਰਮਾ ਦੇ ਇਕ ਲੇਖ ਨੇ ਇਸ ਮਸਲੇ ਤੇ ਉਤੇ ਦਸੀ ਸੋਚ ਅਨੁਸਾਰ ਬੜੀ ਠੀਕ ਰੋਸ਼ਨੀ ਪਾਈ ਹੈ)।

## 5. ਕੈਨੇਡਾ

ਸਰਮਾਏਦਾਰੀ ਪ੍ਰਬੰਧ ਸੰਸਾਰ ਭਰ ਵਿਚ ਜਿਹੜੇ ਸੰਕਟ ਵਿਚੋਂ ਲੰਘ ਰਿਹਾ ਹੈ, ਉਹਦਾ ਸਪੱਸ਼ਟ ਪ੍ਰਮਾਣ ਕੈਨਡਾ ਵਿਚ ਮਿਲਦਾ ਹੈ। ਵੈਨਕੂਵਰ, ਕੈਲਗਰੀ, ਐਡਮੰਟਨ, ਟਰਾਂਟੋ ਸਾਰੇ ਹੀ ਸ਼ਹਿਰਾਂ ਵਿਚ ਜਿਥੇ ਵੀ ਗਏ, ਇਹੀ ਸੁਣਿਆ ਕਿ ਬੜਾ ਮੰਦਾ ਆਇਆ ਹੋਇਆ ਹੈ। ਬੇਰੁਜ਼ਗਾਰੀ ਬਹੁਤ ਹੈ ਤੇ ਬਹੁਤੇ ਹੀ ਲੋਕ ਬੇਰੁਜ਼ਗਾਰੀ ਦੇ ਭੱਤੇ ਉਤੇ ਗੁਜ਼ਾਰਾ ਕਰ ਰਹੇ ਹਨ। ਯੂਨੀਅਨ ਸਰਗਰਮੀ ਭਾਵੇਂ ਬਹੁਤ ਹੈ ਪਰ ਕੋਈ ਐਸੀ ਖੱਬੀ ਲਹਿਰ ਦੇ ਪੈਰ ਨਹੀਂ ਜੋ ਬੁਨਿਆਦੀ ਤੌਰ ਤੇ ਇਸ ਸਿਸਟਮ ਨੂੰ ਚਣੌਤੀ ਦੇਂਦੀ ਹੋਵੇ। ਸਾਧਾਰਨ ਕੈਨੇਡੀਅਨ ਨਾਲ ਗੱਲ ਕਰਕੇ ਵੇਖੀਏ ਤਾਂ ਪ੍ਰਤੀਤ ਲਗਦਾ ਹੈ ਤਾਂ ਉਹਨਾਂ ਵਿਚ ਕਮਿਊਨਿਸਟ ਵਿਰੋਧੀ ਜਜ਼ਬਾ ਕੁੱਟ ਕੁੱਟਕੇ ਭਰਿਆ ਹੈ। ਕਮਿਊਨਿਸਟ ਸਿਸਟਮ ਨੂੰ ਉਹ ਸਮਝਦੇ ਹਨ ਕਿ ਇਕ ਐਸਾ ਸਿਸਟਮ ਹੈ ਜਿਸ ਵਿਚ ਸਾਧਾਰਨ ਸ਼ਹਿਰੀ ਨੂੰ ਕੋਈ ਸ਼ਖਸੀ ਆਜ਼ਾਦੀ ਨਹੀਂ। ਉਹ ਭੁੱਖੇ ਮਰ ਸਕਦੇ ਹਨ, ਪਰ ਉਹ ਆਜ਼ਾਦੀ ਨੂੰ ਨਹੀਂ ਛੱਡ ਸਕਦੇ। ਰੂਸ ਵਿਚ ਲੇਖਕਾਂ ਸਾਇੰਸਦਾਨਾਂ ਆਦਿਕ ਨਾਲ ਵਾਪਰੀਆਂ ਇੱਕਾ ਦੁੱਕਾ ਘਟਨਾਵਾਂ ਦਾ ਜਿਸ ਤਰ੍ਹਾਂ ਪਰਚਾਰ ਕੀਤਾ ਗਿਆ ਹੈ ਉਹ ਆਮ ਲੋਕਾਂ ਨੂੰ ਇਹ ਪ੍ਰਭਾਵ ਦੇਣ ਦਾ ਜ਼ਿਮੇਵਾਰ ਹੈ। ਸਾਧਾਰਨ ਹਿੰਦੋਸਤਾਨੀ ਜੋ ਕੈਨੇਡਾ ਵਿਚ ਵੱਸਦੇ ਹਨ, ਉਹ ਇਸ ਦੇਸ਼ ਦੀਆਂ ਸਭਿਆਚਾਰਕ ਕੀਮਤਾਂ ਤੋਂ ਭਾਵੇਂ ਤੰਗ ਹੋਣ ਪਰ ਉਹ ਵੀ ਇਸ ਸਿਸਟਮ ਦਾ ਗੁਣ ਗਾਉਂਦੇ ਹੋਏ ਦਸਦੇ ਹਨ ਕਿ ਭਾਵੇਂ ਬੇਰੁਜ਼ਗਾਰੀ ਹੈ ਅਤੇ JOB ਦੀ ਬੜੀ ਤੰਗੀ ਹੈ, ਪਰ ਸਰਕਾਰ ਕਿਸੇ ਨੂੰ ਭੁੱਖਾ ਨਹੀਂ ਮਰਨ ਦੇਂਦੀ। ਬੇਰੁਜ਼ਗਾਰੀ ਦਾ ਭੱਤਾ ਹਰ ਇਕ ਨੂੰ ਮਿਲਦਾ ਹੈ। ਉਹ ਇਹ ਨਹੀਂ ਸਮਝ ਸਕੇ ਕਿ ਦੇਸ਼ ਅਪਣੇ ਲੋਕਾਂ ਨੂੰ ਬੇਰੁਜ਼ਗਾਰੀ ਭੱਤਾ ਤਾਂ ਹੀ ਦੇ ਸਕਦਾ ਹੈ ਕਿਉਂਕਿ ਇਹ ਦੇਸ਼ ਪਛਮੀ ਦੇਸ਼ਾਂ ਦੇ ਵਿਸ਼ਵ ਸਰਮਾਏਦਾਰੀ ਸਿਸਟਮ ਦਾ ਇਕ ਅੰਗ ਹੈ ਜਿਨ੍ਹਾਂ ਨੇ ਬਾਕੀ ਦੁਨੀਯਾ ਪੂਰੀ ਤਰ੍ਹਾਂ ਲੁੱਟਿਆ ਹੋਇਆ ਹੈ। ਉਂਝ ਸਮਾਂ ਲੰਘਣ ਨਾਲ ਇਹ ਸੰਕਟ ਡੂੰਘਾ ਹੋ ਰਿਹਾ ਹੈ ਅਤੇ ਕਈ ਅਦਾਰਿਆਂ ਵਿਚ ਇਹ ਭੱਤਾ ਜਾਂ ਤਾਂ ਬੰਦ ਹੋ ਰਿਹਾ ਜਾਂ ਬਿਲਕੁਲ ਘੱਟ ਕੀਤਾ ਜਾ ਰਿਹਾ ਹੈ। ਕਮਿਊਨਿਸਟ ਜਗਤ ਵਿਚ ਕੋਈ ਨਿੱਕੀ ਜਿਹੀ ਘਟਨਾ ਹੀ ਹੋ ਜਾਵੇ ਤਾਂ ਸਰਮਾਏਦਾਰ ਮੁਲਕਾਂ ਦੇ ਅਖਬਾਰ ਉਸਨੂੰ ਇਸ ਤਰ੍ਹਾਂ ਚੁਕਦੀਆਂ ਹਨ ਜਿਸ ਤਰ੍ਹਾਂ ਕਿ ਉਹ ਸਿੱਸਟਮ ਵਡੇ ਸੰਕਟ ਵਿਚ ਹੈ ਅਤੇ ਮਾਰਕਸਿਜ਼ਮ ਦੀ ਸਾਇੰਸ ਫੇਲ ਹੋ ਗਈ ਹੈ ਅਤੇ ਇਹ ਕਰਨ ਵਿਚ ਸਾਡੇ ਦੇਸ਼ ਦੀਆਂ ਅਖਬਾਰਾਂ ਪਿਛੇ ਨਹੀਂ। ਇਸਦੇ ਉਲਟ ਸਰਮਾਏਦਾਰੀ ਸਿਸਟਮ ਦੇ ਵਡੇ ਤੋਂ ਵਡੇ ਸੰਕਟ ਨੂੰ ਇਸ ਤਰ੍ਹਾਂ ਵੇਖਿਆ ਜਾਂਦਾ ਹੈ, ਜਿਸ ਤਰ੍ਹਾਂ ਕੋਈ ਸਾਧਾਰਨ ਵਪਾਰ ਦਾ ਸੰਕਟ ਹੈ। ਕਿਸੇ ਕਾਰਨ ਮੰਦਾ ਆ ਗਿਆ ਹੈ, ਜੋ ਸਮੇਂ ਨਾਲ ਚੰਗਾ ਹੋ ਜਾਏਗਾ। ਸੱਚ ਨੂੰ ਝੂਠ ਬਣਾ ਦੇਣਾ ਜਾਂ ਸੱਚ ਨੂੰ ਸਾਹਮਣੇ ਨਾਂ ਆਉਣ ਦੇਣਾ ਅਧੁਨਿਕ ਪਰਚਾਰ ਸਿੱਸਟਮ ਦਾ ਵਡਾ ਜਾਦੂ ਹੈ, ਜਿਸਦਾ ਕਮਾਲ ਮੈਂ ਕੈਨਡਾ ਵਿਚ ਆ ਕੇ ਬੜੀ ਸ਼ਿਦਤ ਨਾਲ ਮਹਿਸੂਸ ਕੀਤਾ ਹੈ। ○○

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ। ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾਕਖ਼ਾਨਾ ਖ਼ਾਲਸਾ ਕਾਲਜ, ਅੰਮ੍ਰਿਤਸਰ-143003 : ਵਾਰਸ਼ਿਕ ਚੰਦਾ 15 ਰੁ:, ਵਿਦੇਸ਼ ਹਵਾਈ ਡਾਕ ਰਾਹੀਂ 80 ਰੁ:

# ਅਜੋਕੇ ਪੰਜਾਬ ਦੇ ਖੇਤ-ਮਜ਼ਦੂਰ ਮਸਲੇ—ਘੋਲ ਅਤੇ ਸਿਆਸੀ ਵਿਚਾਰਧਾਰਾਵਾਂ[1,2]

—ਅਮਿੰਦਰ ਪਾਲ ਸਿੰਘ*

ਇਸ ਅਧਿਐਨ ਨੂੰ ਚਾਰ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਪਹਿਲੇ ਹਿੱਸੇ ਵਿੱਚ-ਖੇਤ ਮਜ਼ਦੂਰਾਂ ਦੇ ਪਿਛੋਕੜ ਤੇ ਰੌਸ਼ਨੀ ਪਾਈ ਗਈ ਹੈ। ਦੂਜੇ ਹਿੱਸੇ ਵਿੱਚ ਉਨ੍ਹਾਂ ਦੇ—ਮਸਲਿਆਂ ਤੇ ਘੋਲਾਂ ਦਾ ਵਰਨਣ ਕੀਤਾ ਗਿਆ ਹੈ। ਤੀਜੇ ਵਿੱਚ ਵੱਖ ਵੱਖ ਸਿਆਸੀ ਜਥੇਬੰਦੀਆਂ, ਜਿਨ੍ਹਾਂ ਦਾ ਖੇਤ ਮਜ਼ਦੂਰਾਂ ਨਾਲ ਸਿੱਧੇ ਤੇ ਅਸਿੱਧੇ ਤੌਰ ਤੇ ਸੰਬੰਧ ਹੈ, ਦੀ ਪੁਜ਼ੀਸ਼ਨ ਤੇ ਰੋਲ ਬਾਰੇ ਗੱਲ ਕੀਤੀ ਗਈ ਹੈ। ਅਖਰੀਲੇ ਹਿੱਸੇ ਵਿੱਚ ਇਸ ਅਧਿਐਨ ਦੇ ਸਿੱਟਿਆਂ ਬਾਰੇ ਕੁਝ ਟਿੱਪਣੀਆਂ ਕੀਤੀਆਂ ਗਈਆਂ ਹਨ।

## 1. ਪਿਛੋਕੜ

ਖੇਤੀਬਾੜੀ ਮਨੁੱਖ ਦਾ ਕਿੱਤਾ ਬਣ ਜਾਣ ਤੋਂ ਬਾਅਦ ਇਹ ਸੁਭਾਵਕ ਹੀ ਸੀ ਕਿ ਕਿਸਾਨੀ ਇਕ ਸਮਾਜਕ ਜਮਾਤ ਦੇ ਤੌਰ ਤੇ ਉਭਰ ਕੇ ਸਾਹਮਣੇ ਆਉਂਦੀ। ਇਸ ਦੇ ਉਭਰਨ ਨਾਲ ਇਸ ਵਿੱਚ ਦਰਜਾਬੰਦੀ ਹੋਣੀ ਵੀ ਕੁਦਰਤੀ ਸੀ। ਇਸ ਵਿਚਾਰ ਵਿੱਚ ਕੋਈ ਤੰਤ ਨਹੀਂ ਕਿ ਥੋੜੇ ਜਾਂ ਬਹੁਤੇ ਸਮੇਂ ਲਈ ਕਿਸਾਨੀ ਦੀ ਨਿਰੋਲ ਰੂਪ ਵਿੱਚ ਕਦੇ ਹੋਂਦ ਰਹੀ ਹੋਵੇ। ਖੇਤੀਬਾੜੀ ਮਨੁੱਖੀ ਸਮਾਜ ਦੀ ਤਰੱਕੀ ਦੀ ਦੌੜ ਵਿੱਚ ਸ਼ਿਕਾਰ ਮਾਰ ਕੇ ਉਪਜੀਵਕਾ ਪ੍ਰਾਪਤ ਕਰਨ ਦੇ ਧੰਦੇ ਨੂੰ ਪਿਛੇ ਛੱਡ ਗਈ। ਫਲੀਦਾਰ ਫਸਲਾਂ ਦੀ ਪੈਦਾਵਾਰ ਸ਼ੁਰੂ ਹੋਣ ਨਾਲ ਪੇਂਡੂ ਵਸੋਂ ਦੀ ਜਾਨਵਰ ਅਤੇ ਮੱਛੀ ਦੇ ਮਾਸ ਤੇ ਨਿਰਭਰਤਾ ਘੱਟ ਗਈ। ਕਪਾਹ ਦੀ ਵਰਤੋਂ ਵਧਣ ਨਾਲ ਜਾਨਵਰਾਂ ਦੀਆਂ ਖੱਲਾਂ ਦੀ ਮੰਗ ਘੱਟ ਗਈ। ਜੰਗਲੀ ਮਨੁੱਖ ਕਿਸਾਨ ਲਈ ਵਾਹੀ ਵਾਸਤੇ ਹੋਰ ਜ਼ਮੀਨ ਲੱਭਣ ਦੇ ਰਸਤੇ ਵਿੱਚ ਰੁਕਾਵਟ ਬਣੇ ਹੋਏ ਸਨ। ਇਸ ਲਈ ਕਿਸਾਨਾਂ ਤੇ ਜੰਗਲੀ ਮਨੁੱਖਾਂ ਵਿੱਚ ਸਖਤ ਦੁਸ਼ਮਣੀ ਸੀ। ਕਿਸਾਨੀ ਨੂੰ ਉਸ ਸਮੇਂ ਦੇ ਧਰਮ ਵਲੋਂ ਵੀ ਹਮਾਇਤ ਹਾਸੈਲ ਸੀ। ਹਿੰਦੂ ਤੇ ਬੋਧੀ ਧਾਰਮਕ ਗਰੰਥਾਂ ਵਿੱਚ ਜਾਨਵਰ ਮਾਰਨ ਵਾਲੀਆਂ ਜਾਤਾਂ ਪ੍ਰਤੀ ਘਿਰਨਾ ਪ੍ਰਗਟ ਕੀਤੀ ਗਈ ਹੈ। ਇਨ੍ਹਾਂ ਜੰਗਲੀ ਮਨੁੱਖੀ ਨੂੰ ਬੰਦੀ ਬਣਾਉਣ ਤੋਂ ਬਾਅਦ ਮਨੂ ਸਿਮਰਤੀ ਦੇ ਕੋਡ ਅਨੁਸਾਰ ਉਨ੍ਹਾਂ ਪ੍ਰਤੀ ਨੀਤੀ ਅਪਣਾਈ ਜਾਂਦੀ ਸੀ। ਇਹ ਲੋਕ ਪਿੰਡ ਤੋਂ ਵੱਖ ਰੱਖੇ ਜਾਂਦੇ ਸਨ। ਇਹ ਜ਼ਮੀਨ ਤੇ ਹੱਕ ਨਹੀਂ ਜਮਾ ਸਕਦੇ ਸਨ। ਲੋੜ ਪੈਣ ਤੇ ਇਨ੍ਹਾਂ ਨੂੰ ਕਿਸਾਨਾਂ ਦੇ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਸੀ। ਬਾਕੀ ਬਚੇ ਸਮੇਂ ਵਿੱਚ ਇਨ੍ਹਾਂ ਨੂੰ ਮੁਕੱਰਰ ਕੀਤੇ ਹੋਰ ਹੀਣੇ ਕਿਤਿਆਂ ਤੇ ਲਾਇਆ ਜਾਂਦਾ ਸੀ। ਪਦਾਰਥਵਾਦੀ ਹਾਲਤਾਂ ਵਿੱਚ ਪੈਦਾ ਹੋਏ ਇਸ ਢਾਂਚੇ ਨੂੰ ਧਰਮ ਦੇ ਠੇਕੇਦਾਰਾਂ ਦੀ ਮੱਦਦ ਨਾਲ ਹੋਰ ਪੱਕਾ ਕੀਤਾ ਗਿਆ ਅਤੇ ਇਸ ਤਰ੍ਹਾਂ ਰਾਜਾ ਤੇ ਪਰਜਾ ਦੋਹਾਂ ਨੂੰ ਤਬਦੀਲੀ ਦੇ ਉਲਟ ਖਤਰੇ ਰੂਪੀ ਸ਼ਿਕੰਜੇ ਵਿੱਚ ਬੰਨ੍ਹਿਆ ਗਿਆ। ਕਿਸਾਨੀ ਵੀ ਇਸ ਸਮਾਜਕ ਸਹੂਲਤ ਦਾ ਫਾਇਦਾ ਉਠਾਉਂਦਿਆਂ, ਮਜ਼ਦੂਰ ਉਪਰ ਇਸ ਘੋਰ ਜਬਰ ਵਿੱਚ ਭਾਈਵਾਲ ਬਣੀ। ਇਹ ਯਕੀਨਨ ਹੀ ਭਾਰਤੀ ਸਮਾਜਕ ਇਤਿਹਾਸ ਦਾ ਇਕ ਮਹੱਤਵਪੂਰਨ ਦੁਖਾਂਤ ਹੈ। ਇਸ ਤਰ੍ਹਾਂ ਭਾਰਤੀ ਖੇਤ ਮਜ਼ਦੂਰ ਵਧੇਰੇ ਕਰਕੇ ਜੰਗਲੀ ਮਨੁੱਖਾਂ ਵਿੱਚੋਂ ਹੀ ਨਿਕਲਿਆ ਜਿਸ ਨੂੰ 500 ਪੂਰਵ ਈਸਵੀ ਪਹਿਲਾਂ ਸਮਾਜ ਤੋਂ ਛੋਟੀਆਂ ਜਾਤਾਂ ਵਿੱਚ ਤਬਦੀਲ ਕਰ ਦਿਤਾ ਗਿਆ ਹੈ। ਇਹ ਸਮਾਜਕ ਢਾਂਚਾ ਮੱਧਕਾਲ ਵਿੱਚ ਵੀ ਜਾਰੀ ਰਿਹਾ। ਇਸ ਕਰਕੇ ਦਬੀਆਂ ਕੁਚਲੀਆਂ ਜਾਤਾਂ ਦੀ ਗਿਣਤੀ ਹੌਲੀ ਹੌਲੀ ਵਧਦੀ ਹੋਈ ਉਨ੍ਹੀਵੀਂ ਸਦੀ ਵਿੱਚ ਪੇਂਡੂ ਜਨਸੰਖਿਆ ਦਾ ਲਗਭਗ ਚੌਥਾ ਜਾਂ ਪੰਜਵਾਂ ਹਿੱਸਾ ਬਣ ਗਈ,[3] ਜਿਹੜੀ ਕਿ ਅਗਲੇ ਸਮੇਂ ਵਿੱਚ, ਮੁਜ਼ਾਰਿਆਂ, ਦਸਤਕਾਰਾਂ ਤੇ ਗ਼ਰੀਬ ਕਿਸਾਨਾਂ ਦੇ ਮਜ਼ਦੂਰ ਬਣ ਜਾਣ ਨਾਲ ਹੋਰ ਵੀ ਵਧੀ[4]।

ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਸਿੱਖ ਰਾਜ ਦਾ ਜ਼ਰਾਇਤੀ ਢਾਂਚਾ ਲਗਭਗ ਪਹਿਲੇ ਰਾਜਾਂ ਵਰਗਾ ਸੀ।[5] ਮੌਜੂਦਾ ਦਫਤਰੀ ਰਿਪੋਰਟਾਂ, ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦੀਆਂ ਹਨ ਕਿ ਸਿੱਖ ਰਾਜ ਸਮੇਂ ਖੇਤ-ਮਜ਼ਦੂਰ ਜਮਾਤ ਇਕ ਵੱਖਰੀ ਹੋਂਦ ਰਖਦੀ ਸੀ[6] ਅੰਗਰੇਜ਼ੀ ਕਾਲ ਵਿੱਚ ਪੰਜਾਬ ਦੀ ਖੇਤੀਬਾੜੀ ਵਿੱਚ ਬਹੁਤੀ ਤਬਦੀਲੀ ਨਹੀਂ ਹੋਈ ਜਿਵੇਂ ਕਿ ਕਈ ਲੇਖਕਾਂ ਦਾ ਵਿਚਾਰ ਹੈ, ਬਲਕਿ ਦੇਸ ਦੇ ਦੂਸਰੇ ਹਿੱਸਿਆਂ ਵਾਂਗ ਇਹ ਬਸਤੀਵਾਦੀ ਨਮੂਨਾ ਹੀ ਦਰਸਾਉਂਦੀ ਸੀ[7]। ਪੰਜਾਬ ਮਾਲਕ ਕਿਸਾਨੀ ਦਾ ਸੂਬਾ ਨਹੀਂ ਸੀ, ਬਲਕਿ ਜਗੀਰਦਾਰਾਂ, ਅਮੀਰ ਕਿਸਾਨਾਂ, ਦਰਮਿਆਨੇ ਤੇ ਛੋਟੇ ਕਿਸਾਨਾਂ, ਪੱਕੇ ਤੇ ਕੱਚੇ ਮੁਜ਼ਾਰਿਆਂ ਅਤੇ ਖੇਤ-ਮਜ਼ਦੂਰਾ ਵਿੱਚ ਵੰਡਿਆ ਸਮਾਜ ਸੀ। ਮੱਧ ਪੰਜਾਬ ਵਿਚ, ਜਿੱਥੇ ਕਿ ਮਾਲਕ ਕਿਸਾਨੀ ਭਾਰੂ ਦੱਸੀ ਗਈ ਹੈ ਵਿੱਚ ਵੀ ਮੁਜ਼ਾਰੇ ਵੱਡੀ ਗਿਣਤੀ ਵਿੱਚ ਸਨ[8]। 1931 ਦੀ ਮਰਦਮਸ਼ੁਮਾਰੀ ਅਨੁਸਾਰ ਖੇਤ-ਮਜ਼ਦੂਰ ਪੰਜਾਬ ਦੀ ਪੇਂਡੂ ਜਨਸੰਖਿਆ ਦਾ 13.2% ਸਨ[9]।

ਬਸਤੀਵਾਦੀ ਕਾਲ ਵਿੱਚ ਖੇਤ-ਮਜ਼ਦੂਰਾਂ ਦੀ ਮੁੱਖ

* ਗੁਰੂ ਨਾਨਕ ਕਾਲਜ, ਬੁਢਲਾਡਾ (ਬਠਿੰਡਾ)

ਸਮੱਸਿਆ ਕਿਰਤ ਦੀ ਅਧੀਨਗੀ ਨਹੀਂ, ਸਗੋਂ ਬੇਰੁਜ਼ਗਾਰੀ ਸੀ[10]। ਉਨ੍ਹਾਂ ਨੇ ਕਰਜ਼ੇ ਦੇ ਆਧਾਰ 'ਤੇ ਬੱਧੋਗੀਰੀ ਮਜ਼ਦੂਰੀ ਦੇ ਠੇਕੇ ਨਾਪਸੰਦ ਕਰਨੇ ਸ਼ੁਰੂ ਕਰ ਦਿੱਤੇ ਸਨ, ਖਾਸ ਤੌਰ ਤੇ ਅਧੀਨ ਮਜ਼ਦੂਰ ਆਜ਼ਾਦ ਹੋਣ ਉਪਰੰਤ ਸਾਲਾਨਾ ਜਾਂ ਫਸਲ ਦੇ ਮੌਕੇ, ਮਜ਼ਦੂਰੀ ਕਰਨਾ ਜ਼ਿਆਦਾ ਪਸੰਦ ਕਰਦੇ ਸਨ। ਅਜਿਹੇ ਠੇਕੇ ਅਨੁਸਾਰ ਸਮਾਂ ਪੂਰਾ ਹੋਣ ਤੇ ਮਜ਼ਦੂਰ ਮਾਲਕ ਨੂੰ ਛੱਡ ਸਕਦਾ ਸੀ[11]। ਪੰਜਾਬ ਵਿੱਚ ਖੇਤ-ਮਜ਼ਦੂਰ ਮੁੱਖ ਤੌਰ ਤੇ ਫਸਲੀ ਮਜ਼ਦੂਰੀ ਤੇ ਨਿਰਭਰ ਕਰਦੇ ਸਨ। ਪੱਕੇ ਰੁਜ਼ਗਾਰ ਤੇ ਲੱਗੇ ਮਜ਼ਦੂਰ ਤਾਂ ਬਹੁਤ ਹੀ ਘੱਟ ਸਨ।[12] ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਰੀਬ ਕਿਸਾਨੀ ਦੀ ਹਾਲਤ ਭੈੜੀ ਸੀ। ਪਰ ਮਜ਼ਦੂਰ ਦੀ ਹਾਲਤ ਸਭ ਨਾਲੋਂ ਭੈੜੀ ਸੀ, ਕਿਉਂਕਿ ਉਸ ਨੂੰ ਸਿਰਫ ਫਸਲ ਸਮੇਂ ਹੀ ਰੁਜ਼ਗਾਰ ਮਿਲਣ ਕਾਰਨ, ਕਰਜ਼ੇ ਦੀ ਕਾਫੀ ਲੋੜ ਪੈਂਦੀ ਸੀ। ਕੁਦਰਤੀ ਆਫਤਾਂ ਵੀ ਉਸ ਦੇ ਰੁਜ਼ਗਾਰ ਤੇ ਸੱਟ ਮਾਰਦੀਆਂ ਸਨ। ਤੀਹਵਿਆਂ ਦੇ ਮੰਦਵਾੜੇ ਕਾਰਨ ਕਾਫੀ ਕਿਸਾਨ ਖੇਤੀ ਛੱਡ ਗਏ। ਜੋ ਬਾਕੀਆਂ ਨੇ ਖੇਤੀ ਜਾਰੀ ਰੱਖੀ ਤਾਂ ਉਨ੍ਹਾਂ ਵਿੱਚ ਫਸਲ ਵੇਲੇ ਮਜ਼ਦੂਰ ਲਾਉਣ ਜੋਗਾ ਦਮ ਨਹੀਂ ਸੀ। ਖੇਤ-ਮਜ਼ਦੂਰਾਂ ਦਾ ਮਾਲਕਾਂ ਨੂੰ ਕੰਮ ਤੋਂ ਜਵਾਬ ਦੇਣ ਦੀਆਂ ਕਈ ਉਦਾਹਰਣਾਂ ਮਿਲਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਇਹ ਇਤਬਾਰ ਨਹੀਂ ਰਿਹਾ ਸੀ ਕਿ ਕੀ ਮਾਲਕ ਮਜ਼ਦੂਰੀ ਦੇ ਸਕਣਗੇ ਜਾਂ ਨਹੀਂ।[13] ਪਿੰਡ ਦੇ ਅਮੀਰਾਂ ਨੇ ਪੇਂਡੂ ਲੋਕਾਂ ਦੇ ਨਾਂ ਤੇ ਘੋਲ ਲੜਕੇ ਵੱਧ ਤੋਂ ਵੱਧ ਆਪ ਫਾਇਦਾ ਉਠਾਇਆ ਤਾਂ ਪੇਂਡੂ ਗਰੀਬਾਂ ਦਾ ਬਹੁਤ ਹੀ ਘੱਟ ਪੱਖ ਪੂਰਿਆ।[14] ਖੇਤ-ਮਜ਼ਦੂਰ ਤਾਂ ਲਗਭਗ ਅੱਖੋ ਉਹਲੇ ਕੀਤੇ ਗਏ।[15]

194‌ ਤੋਂ ਬਾਅਦ ਦੇਸ਼ ਦੀ ਵਾਗਡੋਰ ਭਾਰਤੀ ਬੁਰਜੁਆਜ਼ੀ ਨੇ ਸਾਂਭੀ। ਉਸ ਸਮੇਂ ਭਾਰਤੀ ਬੁਰਜੁਆਜ਼ੀ ਅਤੇ ਸਾਮਰਾਜਵਾਦੀ ਇਸ ਵਿਚਾਰ ਦੇ ਸਨ ਕਿ ਜ਼ਮੀਨੀ ਸੁਧਾਰ ਕਰਨ ਤੋਂ ਬਾਅਦ, ਨਵੀਂ ਤਕਨੀਕ ਲਾਗੂ ਕੀਤੀ ਜਾਵੇ।[16] ਥੋੜੇ ਬਹੁਤੇ ਜ਼ਮੀਨੀ ਸੁਧਾਰ ਕਰਨ ਤੋਂ ਬਾਅਦ ਭਾਰਤੀ ਬੁਰਜੁਆਜ਼ੀ ਨੇ ਇਹ ਰਸਤਾ ਛੱਡ ਦਿੱਤਾ। ਸਾਮਰਾਜ ਦੀ ਮੱਦਦ ਨਾਲ ਸਿੱਧੇ ਤੌਰ ਤੇ ਨਵੀਂ ਤਕਨੀਕ ਲਾਗੂ ਕਰਨ ਦੇ ਰਾਹੇ ਪੈ ਗਈ।[17] ਜਿਸ ਦੌਰਾਨ ਜਗੀਰੂ ਸੰਬੰਧ ਮੁਢਲੇ ਤੌਰ ਤੇ ਸਰਮਾਏਦਾਰੀ ਸੰਬੰਧਾਂ ਵਿੱਚ ਤਬਦੀਲ ਹੋ ਗਏ।[18] ਖੇਤ-ਮਜ਼ਦੂਰ ਮਸਲੇ ਹੋਰ ਨਿੱਖਰ ਆਏ, ਘੋਲ ਹੋਰ ਤਿੱਖੇ ਹੋ ਗਏ। ਅਤੇ ਸਿਆਸੀ ਪਾਰਟੀਆਂ ਨਾਲ ਸੰਬੰਧ ਹੋਰ ਗੂੜ੍ਹੇ ਹੋ ਗਏ।[19]

## ਮਸਲੇ ਤੇ ਘੋਲ :

ਇਸ ਭਾਗ ਵਿਚ ਮਜ਼ਦੂਰੀ, ਜ਼ਮੀਨ, ਜਬਰ ਤੇ ਸਰਕਾਰ ਸੰਬੰਧੀ ਮਸਲਿਆਂ ਤੇ ਘੋਲਾਂ ਦਾ ਜ਼ਿਕਰ ਕੀਤਾ ਗਿਆ ਹੈ।

## ਮਜ਼ਦੂਰ ਸੰਬੰਧੀ :

ਸਭ ਤੋਂ ਵੱਧ ਘੋਲ ਮਜ਼ਦੂਰੀ ਦੇ ਮਸਲੇ ਨਾਲ ਸੰਬੰਧਿਤ ਹੁੰਦੇ ਹਨ। ਇਨ੍ਹਾ ਘੋਲਾਂ ਵਿੱਚੋਂ ਬਹੁਤੇ ਨਕਦੀ ਮਜ਼ਦੂਰੀ ਬਾਰੇ ਹਨ। ਜ਼ਿਮੀਦਾਰਾਂ ਵਲੋਂ ਚਾਲੂ ਮਜ਼ਦੂਰੀ ਘਟਾਉਣ ਜਾਂ ਬਿਲਕੁਲ ਮਜ਼ਦੂਰੀ ਨਾ ਦੇਣ ਦੀਆਂ ਵਿਰਲੀਆਂ ਘਟਨਾਵਾਂ ਨੂੰ ਛੱਡ ਕੇ, ਬਾਕੀ ਦੇ ਸਾਰੇ ਘੋਲ ਮਜ਼ਦੂਰੀ ਵਧਾਉਣ ਬਾਰੇ ਹੁੰਦੇ ਹਨ। ਖੇਤ-ਮਜ਼ਦੂਰਾਂ ਦੀ ਮਜ਼ਦੂਰੀ ਵਧਾਉਣ ਦੇ ਮਸਲੇ ਤੇ ਦਲੀਲ ਇਹ ਹੁੰਦੀ ਹੈ ਕਿ ਕਿਸਾਨਾਂ ਦੀਆਂ ਜਿਨਸਾਂ ਦੇ ਭਾਅ ਹਰ ਸਾਲ ਨਵੇਂ ਬੰਨ੍ਹੇ ਜਾਂਦੇ ਹਨ ਪਰ ਜਦੋਂ ਉਹ ਦਿਹਾੜੀ ਵਧਾਉਣ ਦੀ ਗੱਲ ਤੋਰਦੇ ਹਨ ਤਾਂ ਉਨ੍ਹਾਂ ਦਾ ਵਿਰੋਧ ਕੀਤਾ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸ਼ਹਿਰੀ ਬੁਰਜੁਆਜ਼ੀ ਕਿਸਾਨਾਂ ਦੀ ਲੁੱਟ ਕਰਦੀ ਹੈ ਪਰ ਕਿਸਾਨ ਆਪਣਾ ਭਾਰ ਅੱਗੇ ਮਜ਼ਦੂਰ ਤੇ ਸਿੱਟਣ ਦੀ ਕੋਸ਼ਿਸ਼ ਕਰਦਾ ਹੈ। ਜੇ ਮਜ਼ਦੂਰਾਂ ਦੀ ਬੇਰੁਜ਼ਗਾਰੀ ਵੱਧ ਕੰਮ ਕਰਨ ਦੇ ਘੰਟੇ ਅਤੇ ਕਿਸਾਨਾਂ ਵਲੋਂ ਘੱਟ ਰਹੀਆਂ ਮਜ਼ਦੂਰੀ ਤੋਂ ਇਲਾਵਾ ਹੋਰ ਸਹੂਲਤਾਂ ਦਾ ਹਿਸਾਬ ਲਾਇਆ ਜਾਵੇ ਤਾਂ ਉਨ੍ਹਾਂ ਦੀ ਉਜਰਤ ਦੀ ਔਸਤ ਦਰ ਬਹੁਤ ਘੱਟ ਰਹਿ ਜਾਂਦੀ ਹੈ[20]। ਪੰਜਾਬ ਖੇਤ-ਮਜ਼ਦੂਰ ਸਭਾ ਅਨੁਸਾਰ ਘੱਟ ਤੋਂ ਘੱਟ 100 ਪਿੰਡਾਂ ਵਿਚ ਜ਼ਿਮੀਂਦਾਰਾਂ ਨੇ ਉਜਰਤ ਨੂੰ ਲੈ ਕੇ ਖੇਤ-ਮਜ਼ਦੂਰਾਂ ਦਾ ਬਾਈਕਾਟ ਕੀਤਾ ਹੋਇਆ ਹੈ[21]। ਟਕਰਾਅ ਵਾਲਾ ਮਾਹੌਲ ਤਾਂ ਲਗਭਗ ਹਰ ਪਿੰਡ ਵਿਚ ਹੀ ਬਣਿਆ ਰਹਿੰਦਾ ਹੈ, ਜਿਹੜਾ ਮੁੱਖ ਤੌਰ ਤੇ ਮਜ਼ਦੂਰੀ ਤੇ ਇਸ ਨਾਲ ਸੰਬੰਧਿਤ ਮਸਲਿਆਂ ਤੇ ਅਧਾਰਤ ਹੁੰਦਾ ਹੈ।

ਇਸ ਮਸਲੇ 'ਤੇ ਘੋਲ ਦਾ ਸ਼ੁਰੂਆਤ ਆਮ ਤੌਰ ਤੇ ਖੇਤ ਮਜ਼ਦੂਰਾਂ ਵਲੋਂ ਕੀਤਾ ਜਾਂਦਾ ਹੈ। ਜੇ ਕਿਸੇ ਅਜਿਹੇ ਪਿੰਡ ਵਿਚ ਝਗੜਾ ਉਠਦਾ ਹੈ ਜਿਥੇ ਖੇਤ-ਮਜ਼ਦੂਰਾਂ ਦੀ ਜਥੇਬੰਦੀ ਹੋਵੇ ਤਾਂ ਵੀ ਅਜਿਹੇ ਝਗੜੇ ਨੂੰ ਉਠਾਉਣ ਵਿਚ ਵੱਡਾ ਰੋਲ ਆਮ ਖੇਤ-ਮਜ਼ਦੂਰ ਦਾ ਹੁੰਦਾ ਹੈ। ਜਿਉਂ ਹੀ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਉਨ੍ਹਾਂ ਨੂੰ ਸਰਕਾਰ ਵਲੋਂ ਪ੍ਰਵਾਨਿਤ ਮਜ਼ਦੂਰੀ ਤੋਂ ਘੱਟ ਮਜ਼ਦੂਰੀ ਮਿਲਦੀ ਹੈ, ਉਹ ਮਜ਼ਦੂਰੀ ਵਧਾਉਣ ਲਈ ਕਾਹਲੇ ਪੈ ਜਾਂਦੇ ਹਨ। ਜਦੋਂ ਕਿਸਾਨ ਉਨ੍ਹਾਂ ਦੇ ਵਿਹੜੇ ਦਿਹਾੜੀਏ ਕਰਨ ਜਾਂਦਾ ਹੈ ਤਾਂ ਉਹ ਵੱਧ ਦਿਹਾੜੀ ਦੀ ਮੰਗ ਕਰਦੇ ਹਨ। ਕਿਸਾਨ ਨੂੰ ਕਿਉਂਕਿ ਮਜ਼ਦੂਰ ਦੀ ਲੋੜ ਹੁੰਦੀ ਹੈ, ਉਹ ਉਨ੍ਹਾਂ ਵਲੋਂ ਮੰਗੀ ਮਜ਼ਦੂਰੀ ਮੰਨ ਲੈਂਦਾ ਹੈ ਅਤੇ ਕਈ ਵਾਰੀ ਗੱਲ ਗੁਪਤ ਰੱਖਣ ਲਈ ਵੀ ਕਹਿ ਦਿੰਦਾ ਹੈ। ਮਜ਼ਦੂਰੀ ਵਧਾਉਣ ਵਾਲੇ ਇਹ ਸਰਮਾਏਦਾਰ ਕਿਸਾਨ ਹੁੰਦੇ ਹਨ ਕਿਉਂਕਿ ਖੇਤੀ ਦਾ ਕੋਈ ਵੀ ਕੰਮ ਸ਼ੁਰੂ ਹੋਵੇ, ਇਹ ਸਭ ਨਾਲੋਂ ਅੱਗੇ ਹੋਣਗੇ ਅਤੇ ਸਭ

ਨਾਲੋਂ ਪਹਿਲਾਂ ਜਾ ਕੇ ਆਪਣੇ ਲਈ ਮਜ਼ਦੂਰ ਪੱਕੇ ਕਰਨਗੇ। ਇਸ ਤੋਂ ਬਾਅਦ ਜਿਹੜੇ ਹੋਰ ਕਿਸਾਨ ਵਿਹੜੇ ਵਿਚੋਂ ਮਜ਼ਦੂਰ ਲੈਣ ਜਾਂਦੇ ਹਨ ਉਨ੍ਹਾਂ ਨੂੰ ਵੀ ਵੱਧ ਦਿਹਾੜੀ ਦੇਣੀ ਪੈਂਦੀ ਹੈ। ਇਸ ਤਰੀਕੇ ਨਾਲ ਪਿੰਡਾਂ ਵਿਚ ਆਮ ਤੌਰ ਤੇ ਦਿਹਾੜੀ ਵਧਦੀ ਹੈ[22]। ਕਈ ਥਾਵਾਂ ਤੇ ਜਿਮੀਂਦਾਰ ਅੜ ਜਾਂਦੇ ਹਨ ਅਤੇ ਪੰਚਾਇਤ ਦੀ ਮੱਦਦ ਨਾਲ ਪਿੰਡ ਦਾ ਇਕੱਠ ਕਰ ਲੈਂਦੇ ਹਨ। ਕਈ ਵਾਰੀ ਮਜ਼ਦੂਰ ਆਪਣੀ ਯੂਨੀਅਨ ਵਲੋਂ ਮੰਗ-ਪੱਤਰ ਪੰਚਾਇਤ ਨੂੰ ਭੇਜਦੇ ਹਨ। ਇਸ ਤਰ੍ਹਾਂ ਕਿਸਾਨੀ ਹੋਰ ਚਿੜਦੀ ਹੈ। ਅਖੀਰ ਨੂੰ ਮਸਲਾ ਸਮਾਜਕ ਬਾਈਕਾਟ ਤੱਕ ਪਹੁੰਚ ਜਾਂਦਾ ਹੈ। ਬਾਈਕਾਟ ਦੌਰਾਨ ਗੱਲਬਾਤ ਕਈ ਵਾਰ ਤੁਰਦੀ ਹੈ ਅਤੇ ਕਈ ਵਾਰ ਟੁਟਦੀ ਹੈ। ਸਾਰੇ ਕਿਸਾਨ ਇਕ ਧਿਰ ਬਣ ਕੇ ਵਿਰੋਧ ਕਰਦੇ ਹਨ। ਇਹ ਧਿਰ ਪੰਚਾਇਤ ਜਾਂ ਜ਼ਿਮੀਂਦਾਰਾਂ ਦੀ ਜਥੇਬੰਦੀ ਦੇ ਰੂਪ ਵਿੱਚ ਉਭਰ ਕੇ ਆਉਂਦੀ ਹੈ। ਜੇ ਕਿਸਾਨ ਜਥੇਬੰਦੀ ਬੁਰਜੂਆ ਪਾਰਟੀਆਂ ਦੀ ਹੋਵੇ ਤਾਂ ਟਕਰਾਅ ਸਖਤ ਹੁੰਦਾ ਹੈ। ਜੇ ਜਥੇਬੰਦੀ ਕਮਿਊਨਿਸਟ ਪਾਰਟੀਆਂ ਦੇ ਹੱਥ ਵਿੱਚ ਹੋਵੇ ਤਾਂ ਆਮ ਤੌਰ ਤੇ ਵਿੱਚ ਵਿਚਾਲੇ ਸਮਝੌਤਾ ਛੇਤੀ ਹੋ ਜਾਂਦਾ ਹੈ।

ਸਮਾਜਕ ਬਾਈਕਾਟ ਦਾ ਮੁੱਖ ਤੌਰ ਤੇ ਮਤਲਬ ਹੈ ਕਿ ਪਿੰਡ ਦੇ ਮਜ਼ਦੂਰਾਂ ਨੂੰ ਦਿਹਾੜੀ ਤੇ ਨਾ ਲੈ ਕੇ ਜਾਣਾ, ਉਨ੍ਹਾਂ ਨੂੰ ਖੇਤਾਂ ਵਿੱਚ ਡੰਗਰ ਚਰਾਉਣ, ਘਾਹ ਵੱਢਣ, ਜੰਗਲ ਬੈਠਨ ਜਾਣ ਅਤੇ ਲੰਘਣ ਤੋਂ ਰੋਕਣਾ। ਰਾਤ ਨੂੰ ਹਥਿਆਰਬੰਦ ਬੰਦੇ ਖੇਤਾਂ ਵਿੱਚ ਪਹਿਰਾ ਦਿੰਦੇ ਹਨ। ਸਾਂਝੀਆਂ ਥਾਵਾਂ ਤੋਂ ਰੋਕਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਚੋਰੀ ਦਾ ਕੇਸ ਪਾਉਣ, ਮਜ਼ਦੂਰ ਔਰਤਾਂ ਤੇ ਹਮਲੇ ਕਰਨ ਜਿਹੀਆਂ ਹਰਕਤਾਂ ਵੀ ਕੀਤੀਆਂ ਜਾਂਦੀਆਂ ਹਨ। ਬਾਈਕਾਟ ਦਾ ਐਲਾਨ ਆਮ ਤੌਰ ਤੇ ਗੁਰਦਵਾਰੇ ਦੇ ਲਾਊਡਸਪੀਕਰ ਰਾਹੀਂ ਹੁੰਦਾ ਹੈ ਅਤੇ ਸੁਨੇਹਾ ਜਾਂ ਧਮਕੀ ਵੀ ਇਸ ਰਾਹੀਂ ਹੀ ਦਿੱਤੀ ਜਾਂਦੀ ਹੈ। ਕਿਸਾਨਾਂ ਦਾ ਉਹ ਹਿੱਸਾ ਜਿਸ ਦਾ ਜਥੇਬੰਦੀ ਤੋਂ ਬਾਗ਼ੀ ਹੋਣ ਦਾ ਡਰ ਹੁੰਦਾ ਹੈ, ਨੂੰ ਧਿਆਨ ਵਿੱਚ ਰੱਖਦਿਆਂ, ਕਿਸਾਨਾਂ ਤੇ ਰੋਕਾਂ ਲਾਈਆਂ ਜਾਂਦੀਆਂ ਹਨ। ਬਾਗ਼ੀ ਕਿਸਾਨਾਂ ਨੂੰ ਜੁਰਮਾਨਾ ਤੇ ਉਨ੍ਹਾਂ ਦਾ ਸਮਾਜਕ ਬਾਈਕਾਟ ਕੀਤਾ ਜਾਂਦਾ ਹੈ। ਜੇ ਫੇਰ ਵੀ ਠੀਕ ਨਾ ਹੋਣ ਤਾਂ ਸਾਰੇ ਕਿਸਾਨਾਂ ਨੂੰ ਗੁਰਦਵਾਰੇ ਵਿੱਚ ਲਿਜਾ ਕੇ ਸਹੁੰ ਖੁਆਈ ਜਾਂਦੀ ਹੈ ਕਿ ਉਹ ਜਥੇਬੰਦੀ ਦੇ ਪਾਬੰਦ ਰਹਿਣਗੇ।

ਆਮ ਤੌਰ ਤੇ ਅਜਿਹੇ ਘੋਲ ਗੁਆਂਢੀ ਪਿੰਡਾਂ ਵਿੱਚ ਜਾ ਵੜਦੇ ਹਨ। ਦੋਵਾਂ ਪਾਸਿਆਂ ਦੀ ਕੋਸ਼ਿਸ਼ ਗੁਆਂਢੀ ਪਿੰਡਾਂ ਦੀ ਕਿਸਾਨੀ ਕੋਲ ਪੁਰਾਣੇ ਦਰਾਂ ਤੇ ਕੰਮ ਕਰਨ ਦਾ ਵਾਅਦਾ ਕਰਦੇ ਹਨ ਪਰ ਕਿਸਾਨ ਲੀਡਰ ਉਨ੍ਹਾਂ ਦੇ ਇਹ ਦਾਅ-ਪੇਚ ਚੱਲਣ ਨਹੀਂ ਦਿੰਦੇ ਅਤੇ ਗੁਆਂਢੀ ਪਿੰਡਾਂ ਦੀਆਂ ਪੰਚਾਇਤਾਂ ਨੂੰ ਆਪਣੇ ਵਲ ਕਰ ਲੈਂਦੇ ਹਨ। ਕਈ ਵਾਰੀ ਕਿਸਾਨ ਲੀਡਰਸ਼ਿਪ ਮਜ਼ਦੂਰਾਂ ਨੂੰ ਗੁਆਂਢੀ ਪਿੰਡਾਂ, ਸ਼ਹਿਰਾਂ ਜਾਂ ਹੋਰ ਥਾਵਾਂ ਜਿਥੇ ਰੁਜ਼ਗਾਰ ਮਿਲ ਸਕਦਾ ਹੈ, ਜਾਣ ਤੋਂ ਰੋਕਦੀ ਹੈ। ਇਸ ਤੋਂ ਬਾਅਦ ਮਜ਼ਦੂਰ ਐਸ. ਡੀ. ਐਮ, ਡੀ. ਸੀ., ਪੁਲਿਸ ਆਦਿ ਕੋਲ ਜਾਂਦੇ ਹਨ ਜਾਂ ਕੋਈ ਰਾਜਨੀਤਕ ਪਾਰਟੀ ਦੇ ਲੀਡਰ ਰਾਹੀਂ ਸਿੱਧੇ ਸਰਕਾਰ ਕੋਲ ਵੀ ਪਹੁੰਚਦੇ ਹਨ, ਜੋ ਫੇਰ ਮੁੜ ਨੌਕਰਸ਼ਾਹੀ ਨੂੰ ਹੀ ਮਸਲਾ ਹੱਲ ਕਰਨ ਲਈ ਕਹਿੰਦੀ ਹੈ। ਵੱਖ ਵੱਖ ਅਖਬਾਰਾਂ ਨੂੰ ਬਾਈਕਾਟ ਦੀਆਂ ਖਬਰਾਂ ਭੇਜੀਆ ਜਾਂਦੀਆਂ ਹਨ। ਫੇਰ ਕੋਈ ਜ਼ਿਲਾ ਅਧਿਕਾਰੀ ਆਪ ਪਿੰਡ ਆਉਂਦਾ ਹੈ ਜਾਂ ਦੋਵੇਂ ਧਿਰਾਂ ਨੂੰ ਆਪਣੇ ਕੋਲ ਬੁਲਾ ਲੈਂਦੇ ਹੈ। ਕਈ ਅਫ਼ਸਰਾਂ ਦਾ ਪੇਂਡੂ ਪਿਛੋਕੜ ਹੋਣ ਕਰਕੇ, ਉਨ੍ਹਾਂ ਦੀ ਦਿਲੀ ਸਾਂਝ ਕਿਸਾਨੀ ਨਾਲ ਹੁੰਦੀ ਹੈ। ਪਰ ਕਿਉਂਕਿ ਉਨ੍ਹਾਂ ਨੇ ਝਗੜਾ ਖਤਮ ਕਰਵਾ ਕੇ ਆਪਣਾ ਖਹਿੜਾ ਛਡਾਉਣਾ ਹੁੰਦਾ ਹੈ, ਇਸ ਲਈ ਉਹ ਵਿੱਚ ਵਿਚਾਲੇ ਸਮਝੌਤਾ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਆਮ ਤੌਰ ਤੇ ਸਮਝੌਤੇ ਨੂੰ ਮਜ਼ਦੂਰ ਮੰਨ ਲੈਂਦੇ ਹਨ ਪਰ ਕਿਸਾਨੀ ਨਹੀਂ ਮੰਨਦੀ। ਅਜਿਹੇ ਘੋਲਾਂ ਦਾ ਅੰਤ ਦੋ ਤਰ੍ਹਾਂ ਦਾ ਹੁੰਦਾ ਹੈ—(ੳ) ਦੋਵੇਂ ਪਾਸੇ ਅਨੁਸ਼ਾਸਨ ਦੀ ਘਾਟ ਹੋਣ ਕਰਕੇ ਬਹੁਤੇ ਲੋੜਵੰਦ ਕਿਸਾਨ ਦਿਹਾੜੀਏ ਲਿਜਾਣ ਲੱਗ ਪੈਂਦੇ ਹਨ। ਵੇਖੋ-ਵੇਖੀ ਵਿੱਚ ਸਾਰੇ ਇਸ ਤਰ੍ਹਾਂ ਕਰਨ ਲਗ ਪੈਂਦੇ ਹਨ। ਇਸ ਤਰ੍ਹਾਂ ਪਹਿਲੀ ਮਜ਼ਦੂਰੀ ਹੀ ਬਰਕਰਾਰ ਰਹਿੰਦੀ ਹੈ ਜਾਂ ਥੋੜ੍ਹੀ ਬਹੁਤ ਵਧ ਵੀ ਜਾਂਦੀ ਹੈ ਜਾਂ ਆਮ ਤੌਰ ਤੇ ਦੋਵੇਂ ਗੱਲਾਂ ਹੀ ਹੁੰਦੀਆਂ ਹਨ। (ਅ) ਜੇ ਮਜ਼ਦੂਰਾਂ ਦੀ ਜਥੇਬੰਦੀ ਹੋਵੇ ਤਾਂ ਸਮਝੌਤਾ ਵੀ ਹੋ ਜਾਂਦਾ ਹੈ, ਜਾਂ ਜਥੇਬੰਦੀ ਕਿਸਾਨਾਂ ਨੂੰ ਪਾੜ ਕੇ ਆਪਣੀ ਮਜ਼ਦੂਰੀ ਵਧਵਾ ਲੈਂਦੀ ਹੈ। ਆਮ ਤੌਰ ਤੇ ਜਿਥੇ ਮਜ਼ਦੂਰਾਂ ਦੀ ਜਥੇਬੰਦੀ ਹੋਵੇ ਸਮਝੌਤਾ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ।

ਇਥੇ ਪ੍ਰਵਾਸੀ ਮਜ਼ਦੂਰਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ, ਜੋ ਲਗਭਗ ਫ਼ਸਲ ਦੇ ਮੌਕੇ ਤੇ ਵਕਤੀ ਮਜ਼ਦੂਰੀ ਕਰਨ ਆਉਂਦੇ ਹਨ। ਸ਼ੁਰੂ ਵਿੱਚ ਤਾਂ ਇਨ੍ਹਾਂ ਨੂੰ ਰੇਲਵੇ ਸਟੇਸ਼ਨਾਂ ਜਾਂ ਸੂਬੇ ਦੀ ਸਰਹੱਦ ਤੇ ਸਥਿਤ ਸ਼ਹਿਰਾਂ ਤੋਂ ਟਰੈਕਟਰ-ਟਰਾਲੀਆਂ ਵਾਲੇ ਕਿਸਾਨ ਲੈ ਆਉਂਦੇ ਸਨ। ਪਰ ਬਾਅਦ ਵਿੱਚ ਇਨ੍ਹਾਂ ਦੀ ਗਿਣਤੀ ਇੰਨੀ ਵਧ ਗਈ ਕਿ ਪੰਜਾਬ ਦੇ ਬਹੁਤੇ ਪਿੰਡਾਂ ਵਿੱਚ ਸਿੱਧੇ ਆਪ ਹੀ ਜਾਣ ਲਗ ਪਏ[23]।

ਇਹ ਖਾਸ ਤੌਰ ਤੇ ਵੱਡੇ ਕਿਸਾਨਾਂ ਲਈ ਵਰਦਾਨ ਸਾਬਤ ਹੋਏ ਹਨ ਕਿਉਂ ਕਿ ਪਿੰਡ ਵਿੱਚ ਪਹੁੰਚ ਕੇ ਇਹ

ਪਹਿਲ ਇਨ੍ਹਾਂ ਕਿਸਾਨਾਂ ਦੇ ਕੰਮ ਨੂੰ ਦਿੰਦੇ ਹਨ[24]। ਇਸ ਦੇ ਕਈ ਕਾਰਨ ਹਨ। ਟਰੈਕਟਰ ਟਰਾਲੀਆਂ ਵਾਲੇ ਕਿਸਾਨਾਂ ਨਾਲ, ਉਨ੍ਹਾਂ ਦੇ ਪੁਰਾਣੇ ਸੰਬੰਧ ਜੁੜੇ ਹੋਏ ਹਨ। ਇਨ੍ਹਾਂ ਕੋਲ ਵੱਧ ਤੋਂ ਵੱਧ ਦਿਨਾਂ ਲਈ ਪ੍ਰਵਾਸੀ ਮਜ਼ਦੂਰਾਂ ਦੀ ਸਾਰੀ ਦੀ ਸਾਰੀ ਟੋਲੀ ਨੂੰ ਕੰਮ ਮਿਲਦਾ ਹੈ। ਕਈ ਵਾਰੀ ਵੱਧ ਮਜ਼ਦੂਰੀ ਅਤੇ ਜ਼ਿਆਦਾ ਸਹੂਲਤਾਂ ਵੀ ਮਿਲ ਜਾਂਦੀਆਂ ਹਨ।

ਬਾਹਰਲੇ ਮਜ਼ਦੂਰਾਂ ਦੀ ਬਹੁਤੀ ਟੱਕਰ ਸਥਾਨਕ ਮਜ਼ਦੂਰਾਂ ਨਾਲ ਹੁੰਦੀ ਹੈ ਕਿਉਂਕਿ ਬਾਹਰਲੇ ਮਜ਼ਦੂਰ ਘੱਟ ਦਿਹਾੜੀ ਤੇ ਵੀ ਜ਼ਿਆਦਾ ਘੰਟੇ ਕੰਮ ਕਰਦੇ ਹਨ।[25] ਉਹ ਸਥਾਨਕ ਮਜ਼ਦੂਰਾਂ ਵਾਂਗ ਬੰਨ੍ਹੀ ਮਜ਼ਦੂਰੀ ਤੋਂ ਬਿਨਾਂ ਹੋਰ ਜ਼ਿਆਦਾ ਸਹੂਲਤਾਂ ਦੀ ਮੰਗ ਨਹੀਂ ਕਰਦੇ। ਸਥਾਨਕ ਖੇਤ-ਮਜ਼ਦੂਰਾਂ ਦੇ ਘੋਲ ਬਾਹਰਲੇ ਮਜ਼ਦੂਰਾਂ ਦੇ ਆਉਣ ਨਾਲ ਫੇਲ੍ਹ ਹੋ ਰਹੇ ਨੇ। ਦੂਸਰੇ ਪਾਸੇ ਜੇ ਕਦੇ ਬਾਹਰਲੇ ਮਜ਼ਦੂਰਾਂ ਤੇ ਜ਼ਿਮੀਂਦਾਰਾਂ ਵਲੋਂ ਤਸ਼ੱਦਦ ਹੁੰਦਾ ਹੈ ਤਾਂ ਸਥਾਨਕ ਮਜ਼ਦੂਰ ਉਨ੍ਹਾਂ ਵੱਲ ਪਿਠ ਕਰ ਲੈਂਦੇ ਹਨ। ਪੰਜਾਬ ਖੇਤ-ਮਜ਼ਦੂਰ ਸਭਾ ਅਤੇ ਪੰਜਾਬ ਦਿਹਾਤੀ ਮਜ਼ਦੂਰ ਸਭਾ ਦੇ ਸਮਾਗਮਾਂ ਵਿੱਚ ਬਾਹਰਲੇ ਮਜ਼ਦੂਰਾਂ ਦੇ ਸੰਬੰਧ ਵਿਚ ਉਸਾਰੂ ਹੱਲ ਦਿੱਤੇ ਗਏ। ਦੋਵਾਂ ਸਮਾਗਮਾਂ ਵਿੱਚ ਦਸਿਆ ਗਿਆ ਕਿ ਉਹ ਸਥਾਨਕ ਮਜ਼ਦੂਰਾਂ ਨਾਲੋਂ ਘੱਟ ਦਿਹਾੜੀ ਤੇ ਕੰਮ ਕਰਦੇ ਹਨ, ਇਸ ਲਈ ਉਨ੍ਹਾਂ ਨੂੰ ਜਥੇਬੰਦਕ ਕਰਕੇ ਬੰਨ੍ਹੀ ਮਜ਼ਦੂਰੀ ਦਾ ਪ੍ਰਚਾਰ ਕਰਨਾ ਚਾਹੀਦਾ ਹੈ।

### (ਅ) ਸਾਲਾਨਾ ਮਜ਼ਦੂਰੀ :

ਸੀਰੀ, ਨੌਕਰ, ਪਾਲੀ ਅਤੇ ਗੋਹਾ-ਕੂੜਾ ਕਰਨ ਵਾਲੀ ਔਰਤ ਸਾਲਾਨਾ ਮਜ਼ਦੂਰ ਵਜੋਂ ਕਿਸਾਨ ਦੇ ਕਾਮੇ ਹੁੰਦੇ ਹਨ। ਟਰੈਕਟਰਾਂ ਦੇ ਵਧਣ ਨਾਲ ਸੀਰੀਆਂ ਦਾ ਪੈਦਵਾਰ ਵਿਚ ਹਿੱਸਾ ਘਟਦਾ ਜਾ ਰਿਹਾ ਹੈ। ਆਮ ਤੌਰ ਤੇ ਸੀਰੀਆਂ ਨੂੰ ਮਾਲਕਾਂ ਵਲੋਂ ਸਵੇਰ ਦਾ ਨਾਸ਼ਤਾ ਅਤੇ ਚਾਹ ਦਿੱਤੀ ਜਾਂਦੀ ਹੈ। ਭਾਵੇਂ ਅਸੂਲੀ ਤੌਰ ਤੇ ਉਨ੍ਹਾਂ ਨੂੰ ਕੋਈ ਛੁੱਟੀ ਨਹੀਂ ਹੁੰਦੀ (ਸਣੇ ਐਤਵਾਰ) ਪਰ ਮਜ਼ਦੂਰ ਦੀਆਂ ਅਮਲੀ ਮਜਬੂਰੀਆਂ ਕਾਰਨ ਕਿਸਾਨ ਨੂੰ ਕੁਝ ਨਾ ਕੁਝ ਛੁਟੀਆਂ ਦੇਣੀਆਂ ਪੈਂਦੀਆਂ ਹਨ। ਪਰ ਝਗੜਾ ਉਦੋਂ ਖੜਾ ਹੁੰਦਾ ਹੈ ਜਦੋਂ ਮਜ਼ਦੂਰ ਕਈ ਦਿਨ ਤੱਕ ਕੰਮ ਤੇ ਨਹੀਂ ਆ ਸਕਦਾ। ਉਦਾਹਰਣ ਲਈ ਮਜ਼ਦੂਰ ਦੀ ਬੀਮਾਰੀ ਦੇ ਸੁਆਲ ਤੇ ਝਗੜਾ ਹੁੰਦਾ ਹੈ। ਮਜ਼ਦੂਰ ਬੀਮਾਰੀ ਕਾਰਨ ਕੰਮ ਤੇ ਨਹੀਂ ਜਾ ਸਕਦਾ। ਜ਼ਿਮੀਦਾਰ ਕਹਿੰਦਾ ਹੈ ਕਿ ਉਹ ਬੀਮਾਰੀ ਦਾ ਬਹਾਨਾ ਬਣਾ ਕੇ ਕੰਮ ਤੋਂ ਟਲਦਾ ਹੈ। ਕਈ ਵਾਰੀ ਸਮੇਂ ਦੀ ਚਾਲੂ ਮਜ਼ਦੂਰੀ ਦੀ ਦਰ ਅਨੁਸਾਰ ਗ਼ੈਰਹਾਜ਼ਰੀ ਦੇ ਪੈਸੇ ਕੱਟ ਲਏ ਜਾਂਦੇ ਹਨ। ਸੀਰੀਆਂ ਨੂੰ ਵਿਆਜ ਰਹਿਤ ਤੇ ਵਿਆਜ ਲਾ ਕੇ ਦੋਵੇਂ ਤਰ੍ਹਾਂ ਦੇ ਕਰਜ਼ੇ ਦਿੱਤੇ ਜਾਂਦੇ ਹਨ। ਉਹ ਆਪਣੇ ਹਿੱਸੇ ਅਨੁਸਾਰ ਹੋਈ ਸੌਣੀ ਦੀ ਫਸਲ ਦੀ ਆਮਦਨ ਵੀ ਕਈ ਵਾਰ ਵਰਤ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਸਿਰ ਕਰਜਾ ਚੜ੍ਹ ਜਾਂਦਾ ਹੈ। ਨਵੇਂ ਜ਼ਿਮੀਂਦਾਰ ਤੋਂ ਕਰਜ਼ੇ ਨਾਲ ਪੁਰਾਣੇ ਜ਼ਿਮੀਂਦਾਰ ਦਾ ਹਿਸਾਬ ਚੁਕਤਾ ਕਰ ਕੇ ਹੀ ਮਾਲਕ ਦੀ ਤਬਦੀਲੀ ਕਰਦੇ ਹਨ। ਨੌਕਰਾਂ, ਪਾਲੀ ਨੌਕਰਾਂ ਅਤੇ ਗੋਹਾ-ਕੂੜਾ ਕਰਨ ਵਾਲੀਆਂ ਨੌਕਰਾਣੀਆਂ ਨੂੰ ਸਾਲ ਦੀ ਉੱਕੀ-ਪੁੱਕੀ ਮਜ਼ਦੂਰੀ ਦਿੱਤੀ ਜਾਂਦੀ ਹੈ। ਮਜ਼ਦੂਰੀ ਦਾ ਵੱਡਾ ਹਿੱਸਾ ਅਗਾਊਂ ਹੀ ਦੇ ਦਿੱਤਾ ਜਾਂਦਾ ਹੈ। ਚਰਾਂਦਾਂ ਵਾਲੀ ਜ਼ਮੀਨ ਲਗਭਗ ਖਤਮ ਹੋ ਜਾਣ ਨਾਲ ਪਾਲੀ ਨੌਕਰਾਂ ਦੇ ਜ਼ਿੰਮੇ ਖੇਤੀ ਦਾ ਕੰਮ ਕਾਫ਼ੀ ਹੱਦ ਤੱਕ ਆ ਗਿਆ ਹੈ। ਗੋਹਾ-ਕੂੜਾ ਕਰਨ ਵਾਲੀਆਂ ਔਰਤਾਂ ਦਾ ਕੰਮ ਵੀ ਪੂਰੇ ਸਮੇਂ ਦੇ ਰੁਜ਼ਗਾਰ ਦੇ ਮੌਕਿਆਂ ਦੇ ਵਧਣ ਨਾਲ, ਬਹੁਤ ਘਟ ਗਿਆ ਹੈ।[26]

ਜ਼ਿਮੀਂਦਾਰਾਂ ਵਲੋਂ ਸਾਲਾਨਾ ਮਜ਼ਦੂਰਾਂ ਨਾਲ ਕਈ ਤਰ੍ਹਾਂ ਦਾ ਪੱਖ-ਪਾਤ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਛੁੱਟੀ ਦੇ ਹੱਕ ਤੋਂ ਵਾਂਝਿਆਂ ਰੱਖਿਆ ਜਾਂਦਾ ਹੈ। ਦੂਸਰੇ ਪਾਸੇ ਜ਼ਿਮੀਂਦਾਰ ਜਦੋਂ ਜੀਅ ਚਾਹੇ ਛੁੱਟੀ ਕੱਟ ਸਕਦਾ ਹੈ। ਸੀਰੀ ਤੇ ਨੌਕਰ ਦੀ ਦਿਨ ਰਾਤ ਡਿਊਟੀ ਹੁੰਦੀ ਹੈ।[27] ਜ਼ਿਮੀਂਦਾਰ ਆਪਣੇ ਟੱਬਰ ਦੇ ਨਕਾਰੇ ਮੈਂਬਰ ਦਾ ਹਿੱਸਾ ਵੀ ਪੈਦਾਵਾਰ ਵਿਚ ਗਿਣਦਾ ਹੈ। ਸੀਰੀ ਦੀ ਘਰ ਵਾਲੀ ਜ਼ਿਮੀਂਦਾਰ ਦੀ ਮੁਫ਼ਤ ਕਪਾਹ ਚੁਗਦੀ ਹੈ, ਕਿਉਂਕਿ ਆਮ ਤੌਰ ਤੇ ਜ਼ਿਮੀਦਾਰ ਆਪਣੇ ਵਲੋਂ ਉਸਦੇ ਬਰਾਬਰ ਘਰੋਂ ਚੋਣੀਆਂ ਨਹੀਂ ਲਾਉਂਦਾ। ਸੀਰੀ ਨੂੰ ਖੇਤੀ ਤੇ ਆਏ ਖ਼ਰਚ ਤੇ ਹੋਈ ਆਮਦਨ ਦਾ ਠੀਕ ਠੀਕ ਪਤਾ ਨਹੀਂ ਲਗਦਾ। ਕੁਦਰਤੀ ਆਫ਼ਤਾਂ ਕਾਰਨ ਕਿਸਾਨ ਨੂੰ ਹੋਏ ਨੁਕਸਾਨ ਦਾ ਸਰਕਾਰ ਵਲੋਂ ਦਿੱਤੇ ਗਏ ਮੁਆਵਜ਼ੇ ਵਿੱਚ ਸੀਰੀ ਨੂੰ ਹਿੱਸਾ ਨਹੀਂ ਮਿਲਦਾ। ਜੇ ਸੀਰੀ ਨੌਕਰ ਨੂੰ ਵੇਲੇ ਕੁਵੇਲੇ ਕੋਈ ਚੀਜ਼ ਦੀ ਲੋੜ ਪੈ ਜਾਵੇ ਤਾਂ ਉਹ ਘੱਟ ਹੀ ਪੂਰੀ ਕੀਤੀ ਜਾਂਦੀ ਹੈ। ਕਈ ਵਾਰੀ ਤਾਂ ਕੋਰਾ ਜਵਾਬ ਵੀ ਮਿਲ ਜਾਂਦਾ ਹੈ। ਉਸ ਨਾਲ ਖਾਣੇ ਵਿਚ ਵਿਤਕਰਾ ਦਿਨੋ ਦਿਨ ਵਧ ਰਿਹਾ ਹੈ। ਜ਼ਿਮੀਂਦਾਰ ਸੀਰੀ/ਨੌਕਰ ਨਾਲ ਮਾਲਕ-ਮਜ਼ਦੂਰ ਵਾਲੇ ਸੰਬੰਧ ਬਣਾਉਣ ਦੀ ਕੋਸ਼ਿਸ਼ ਵਿਚ ਹੁੰਦਾ ਹੈ ਕਿਉਂਕਿ ਜੇ ਉਹ ਉਨ੍ਹਾਂ ਨਾਲ ਖੁੱਲ੍ਹ ਜਾਵੇ ਤਾਂ ਉਨ੍ਹਾਂ ਦਾ ਵਿੱਟਰ ਜਾਣ ਦਾ ਖਤਰਾ ਹੁੰਦਾ ਹੈ। ਇਸ ਮੰਤਵ ਵਾਸਤੇ ਉਹ ਜ਼ਾਤਪਾਤ ਨੂੰ ਵੀ ਆਪਣੇ ਹੱਕ ਵਿਚ ਵਰਤਦਾ ਹੈ।[28] ਜ਼ਿਮੀਂਦਾਰਾਂ ਵਲੋਂ ਸ਼ਿਕਾਇਤਾਂ ਮਜ਼ਦੂਰਾਂ ਨਾਲੋਂ ਵੀ ਜ਼ਿਆਦਾ ਦੱਸੀਆਂ ਜਾਂਦੀਆਂ ਹਨ ਪਰ ਉਨ੍ਹਾਂ ਵਿਚੋਂ ਬਹੁਤੀਆਂ ਉਨ੍ਹਾਂ ਦੇ ਮਾਲਕ ਵਜੋਂ ਆਪਣੇ ਹਿੱਤਾਂ ਨਾਲ ਜੁੜੀਆਂ ਹੁੰਦੀਆਂ ਹਨ। ਹੋਰ ਥਾਂ ਤੋਂ ਵੱਧ ਸਾਲਾਨਾ ਮਜ਼ਦੂਰੀ ਵਿਆਜ ਰਹਿਤ ਵਧੇਰੇ ਕਰਜ਼ੇ ਮਿਲਣ 'ਤੇ ਅਤੇ ਸੁਭਾਅ ਆਦਿ ਨਾ ਮਿਲਣ

ਕਰਕੇ ਵੀ ਛੇਤੀ ਹੀ ਮਾਲਕ ਬਦਲ ਲਿਆ ਜਾਂਦਾ ਹੈ[29] ਸਾਲਾਨਾ ਮਜ਼ਦੂਰਾਂ ਵਿਚੋਂ ਬਹੁਤੀਆਂ ਸ਼ਿਕਾਇਤਾਂ ਸੀਰੀਆਂ ਨਾਲ ਸੰਬੰਧਿਤ ਹੁੰਦੀਆਂ ਹਨ।[30] ਸੀਰੀਆਂ ਦੇ ਮਸਲੇ ਤਾਂ ਕਤਲ ਤੱਕ ਵੀ ਪਹੁੰਚ ਜਾਂਦੇ ਹਨ।

ਸਾਲਾਨਾ ਮਜ਼ਦੂਰਾਂ ਦਾ ਜ਼ਿਮੀਂਦਾਰਾਂ ਨਾਲ ਸੰਘਰਸ਼ ਬਹੁਤਾ ਨਿੱਜੀ ਪੱਧਰ ਤੇ ਹੁੰਦਾ ਹੈ। ਕਦੇ ਕਦੇ ਉਨ੍ਹਾਂ ਦਾ ਮਸਲਾ ਪਿੰਡ ਪੱਧਰ ਤੇ ਵੀ ਉੱਠ ਖੜਦਾ ਹੈ। 1980-82 ਦੌਰਾਨ ਸਾਲਾਨਾ ਮਜ਼ਦੂਰਾਂ ਸੰਬੰਧੀ ਮਿਲੀਆਂ 7 ਘਟਨਾਵਾਂ ਵਿਚੋਂ (ਦੇਖੋ, ਸਾਰਣੀ 1 ਹ) ਸਿਰਫ ਇਕ ਘਟਨਾ ਤੇ ਸੰਘਰਸ਼ ਪਿੰਡ ਪੱਧਰ ਤਕ ਉਠਿਆ। ਖੇਤ ਮਜ਼ਦੂਰ ਘੋਲਾਂ ਦੇ ਇਤਿਹਾਸ ਵਿਚ ਵੀ ਸੀਰੀਆਂ ਦੇ ਘੋਲ ਪਿੰਡ ਪੱਧਰ ਤਕ ਉਠਣ ਦੀਆਂ ਸਿਰਫ ਦੋ ਹੀ ਘਟਨਾਵਾ ਮਿਲਦੀਆਂ ਹਨ—ਜ਼ਿਲਾ ਪਟਿਆਲਾ ਦਾ ਪਿੰਡ ਕਲਬੁਰਛਾਂ ਅਤੇ ਜ਼ਿਲਾ ਬਠਿੰਡਾ ਦਾ ਪਿੰਡ ਸਿਬਿਆਂ[31]।

## ਜ਼ਮੀਨ ਸੰਬੰਧੀ

**(ੳ) ਵਾਹੀ ਵਾਲੀ :** ਇਹ ਝਗੜੇ ਆਮ ਤੌਰ 'ਤੇ ਸਰਕਾਰ ਵਲੋਂ ਮਜ਼ਦੂਰਾਂ ਨੂੰ ਦਿੱਤੀ ਗਈ ਜ਼ਮੀਨ ਦੇ ਖੋਹੇ ਜਾਣ ਜਾਂ ਦੱਬ ਲੈਣ ਤੇ ਹੁੰਦੇ ਹਨ। ਜਿਨ੍ਹਾਂ ਅਨੁਸੂਚਿਤ ਜਾਤੀਆਂ ਦੇ ਘਰਾਂ ਕੋਲ ਪਹਿਲਾਂ ਜ਼ਮੀਨ ਹੁੰਦੀ ਸੀ, ਉਨ੍ਹਾਂ ਵਿਚੋਂ ਬਹੁਤਿਆਂ ਕੋਲ ਜ਼ਮੀਨ ਨਹੀਂ ਰਹੀ।[32] ਜੇ ਥੋੜੇ ਬਹੁਤਿਆਂ ਕੋਲ ਰਹਿ ਗਈ ਹੈ ਤਾਂ ਜ਼ਮੀਨ ਖੋਹਣ ਦੀਆਂ ਅਜਿਹੀਆਂ ਘਟਨਾਵਾਂ ਉਨ੍ਹਾਂ ਨਾਲ ਹੀ ਸੰਬੰਧ ਰਖਦੀਆਂ ਹਨ। ਜ਼ਮੀਨ ਦੱਬ ਲੈਣਾ ਵੀ ਬੜੀ ਆਮ ਗੱਲ ਹੈ[33]। ਉਪਰੋਕਤ ਕਾਰਨਾਂ ਤੋਂ ਇਲਾਵਾ ਹੋਰ ਕਈ ਕਾਰਨਾਂ ਕਰਕੇ ਬੇਜ਼ਮੀਨਿਆਂ ਨੂੰ ਜ਼ਮੀਨ ਦੇਣ ਦਾ ਮਸਲਾ ਪੰਜਾਬ ਵਿਚ ਆਪਣੀ ਉਮਰ ਭੋਗ ਚੁੱਕਾ ਹੈ[34]।

ਅਜਿਹੇ ਮਸਲੇ ਤੇ ਝਗੜਾ ਨਿੱਜੀ ਪੱਧਰ ਤੇ ਉਠਦਾ ਹੈ। ਇਨ੍ਹਾਂ ਝਗੜਿਆਂ ਵਿਚ ਖੇਤ-ਮਜ਼ਦੂਰਾਂ ਦਾ ਕੇਸ ਜ਼ੋਰਦਾਰ ਹੁੰਦਾ ਹੈ। ਉਦਾਹਰਣ ਲਈ ਜ਼ਮੀਨ ਸਰਕਾਰ ਵਲੋਂ ਦਿੱਤੀ ਹੋਣਾ, ਜ਼ਮੀਨ ਤੇ ਉਨ੍ਹਾਂ ਦਾ ਕਈ ਸਾਲਾਂ ਤੋਂ ਕਬਜ਼ਾ ਹੋਣਾ; ਗਰਦਾਵਰੀਆਂ ਉਨ੍ਹਾਂ ਦੇ ਨਾਂ ਹੋਈਆਂ ਹੋਣੀਆਂ ਬੰਜਰ ਜ਼ਮੀਨ ਦਿਨ-ਰਾਤ ਇਕ ਕਰਕੇ ਖੇਤੀ ਯੋਗ ਬਣਾਈ ਹੋਣੀ ਆਦਿ।

ਪਰ ਜ਼ਿਮੀਂਦਾਰ ਜ਼ੋਰ ਦੀ ਵਰਤੋਂ ਕਰਦੇ ਹਨ। ਅਸਲੇ ਨਾਲ ਦਹਿਸ਼ਤ ਪੈਦਾ ਕਰਨ ਦੀ ਕੋਸ਼ਿਸ਼ ਕਰਨਾ, ਧਮਕੀਆਂ ਦੇਣਾ, ਹਥਿਆਰਬੰਦ ਗੁੰਡਿਆਂ ਦੀ ਮੱਦਦ ਨਾਲ ਖੇਤ ਖ਼ਾਲੀ ਜਾਂ ਫਸਲ ਸਮੇਤ ਟਰੈਕਟਰ ਨਾਲ ਵਾਹ ਦੇਣਾ, ਪੱਕੀ ਫਸਲ ਜਬਰੀ ਕੱਟ ਕੇ ਲੈ ਜਾਣਾ, ਵਿਰੋਧੀ ਧਿਰ ਦੇ ਬੱਚਿਆਂ ਨੂੰ ਅਗਵਾ ਕਰ ਲੈਣਾ ਜਾਂ ਕੁੱਟਣਾ ਆਦਿ ਕੁਝ ਅਜਿਹੀਆਂ ਉਦਾਹਰਣਾਂ ਹਨ। ਮਜ਼ਦੂਰਾਂ ਦਾ ਸਮਾਜਕ ਬਾਈਕਾਟ ਕਰਨਾ, ਗੋਲੀ ਚਲਾਉਣਾ, ਘਰੋਂ ਕੱਢ ਦੇਣਾ ਆਦਿ ਉਦਾਹਰਣਾਂ ਬਹੁਤ ਘੱਟ ਮਿਲਦੀਆਂ ਹਨ। ਜ਼ਿਮੀਂਦਾਰ ਘੋਲ ਦੇ ਅਜੋਕੇ ਤਰੀਕਿਆਂ ਦੀ ਵਰਤੋਂ ਕਰਦੇ ਹਨ ਜਿਵੇਂ ਸਰਕਾਰ ਤੇ ਨੌਕਰਸ਼ਾਹੀ ਨਾਲ ਅਸਰ-ਰਸੂਖ ਦੀ ਵਰਤੋਂ, ਸਿੱਧੇ ਪੈਸੇ ਝੋਕ ਦੇਣਾ, ਜ਼ਿਲਾ ਅਧਿਕਾਰੀਆਂ ਕੋਲ ਕਿਸੇ ਨਾ ਕਿਸੇ ਤਰੀਕੇ ਰਾਹੀਂ ਰੋਸ ਪ੍ਰਗਟ ਕਰਨਾ ਆਦਿ। ਪਹਿਲੇ ਦੋ ਤਰੀਕੇ ਬਹੁਤੇ ਆਮ ਹਨ।

ਦੂਸਰੇ ਪਾਸੇ ਖੇਤ-ਮਜ਼ਦੂਰ ਆਪਣੇ ਵਿਚੋਂ ਕੁਝ ਰਸੂਖ ਵਾਲੇ ਬੰਦਿਆਂ ਰਾਹੀਂ ਜਾਂ ਕਿਸੇ ਪਾਰਟੀ ਜਾਂ ਜਥੇਬੰਦੀਆਂ ਦੇ ਲੀਡਰਾਂ ਰਾਹੀਂ ਮੰਤਰੀਆਂ, ਵਿਰੋਧੀ ਪਾਰਟੀ ਦੇ ਲੀਡਰਾਂ, ਜ਼ਿਲਾ ਅਧਿਕਾਰੀਆਂ ਆਦਿ ਨੂੰ ਚਿੱਠੀ ਜਾਂ ਤਾਰ ਭੇਜਦੇ ਜਾਂ ਵਫਦ ਲੈ ਕੇ ਮਿਲਦੇ ਹਨ। ਖਬਰ ਅਖਬਾਰਾਂ ਨੂੰ ਵੀ ਭੇਜਦੇ ਹਨ। ਇਸ ਦੇ ਉਲਟ ਕਿਸਾਨਾਂ ਵਲੋਂ ਖਬਰ ਬਹੁਤ ਘੱਟ ਆਉਂਦੀ ਹੈ।

**(ਅ) ਨਿੱਜੀ ਰਹਿਣ ਸਹਿਣ ਵਾਲੀਆਂ ਥਾਵਾਂ :** ਅਲਾਟ ਕੀਤੇ ਪਲਾਟਾਂ ਤੇ ਰੂੜੀਆਂ ਵਾਲੀਆਂ ਥਾਵਾਂ ਦੇ ਝਗੜੇ ਸੰਬੰਧੀ ਘਟਨਾਵਾਂ ਮਿਲੀਆਂ ਹਨ। ਪਲਾਟਾਂ ਸਬੰਧੀ ਦੋ ਤਰ੍ਹਾਂ ਦੇ ਝਗੜੇ ਮਿਲਦੇ ਹਨ—(ੳ) ਮਿਲੇ ਪਲਾਟਾਂ ਨੂੰ ਖੋਹਣ ਦੀ ਕੋਸ਼ਿਸ਼, ਪਲਾਟਾਂ ਵਿਚ ਘਰ ਪਾਉਣ ਵਾਸਤੇ ਲਿਆਂਦਾ ਸਮਾਨ ਚੁੱਕ ਕੇ ਲੈ ਜਾਣਾ, ਪਲਾਟਾਂ ਵਿਚ ਪਈਆਂ ਪਾਥੀਆਂ ਚੁੱਕ ਕੇ ਲੈ ਜਾਣਾ, ਡੰਗਰਾਂ ਦੇ ਕਿੱਲੇ ਪੁੱਟ ਕੇ ਲੈ ਜਾਣਾ ਆਦਿ। (ਅ) ਅਸਰ-ਰਸੂਖ ਵਾਲੇ ਜ਼ਿਮੀਦਾਰਾਂ ਦਾ ਪਲਾਟਾਂ ਤੇ ਪਹਿਲਾਂ ਕਬਜ਼ਾ ਹੋਣਾ। ਰੂੜੀਆਂ ਵਾਲੀ ਥਾਂ ਤੇ ਵੀ ਜਾਂ ਤਾਂ ਪਹਿਲਾਂ ਹੀ ਕਬਜ਼ਾ ਹੁੰਦਾ ਹੈ ਜਾਂ ਬਾਅਦ ਵਿਚ ਕਿਸੇ ਬਹਾਨੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਇਹ ਝਗੜੇ ਵੀ ਬਹੁਤੇ ਨਿੱਜੀ ਪੱਧਰ ਤੇ ਹੀ ਹੁੰਦੇ ਹਨ। ਖੇਤ ਮਜ਼ਦੂਰਾਂ ਨੂੰ ਪਲਾਟ ਤੇ ਰੂੜੀਆਂ ਵਾਲੀਆਂ ਥਾਂ ਸਰਕਾਰ ਜਾਂ ਪੰਚਾਇਤ ਨੇ ਦਿੱਤੀ ਹੁੰਦੀ ਹੈ। ਕਾਨੂੰਨੀ ਦੀ ਨਿਸ਼ਾਨਦੇਹੀ ਵੀ ਹੋਈ ਹੁੰਦੀ ਹੈ। ਜਦੋਂ ਮਜ਼ਦੂਰ ਅਜਿਹੀਆਂ ਥਾਵਾਂ ਤੇ ਚਾਰਦੀਵਾਰੀ ਕਰਨ, ਮਕਾਨ ਪਾਉਣ, ਪਾਥੀਆਂ ਪੱਥਣ, ਮੱਝਾਂ ਵਾਸਤੇ ਕਿੱਲੇ ਆਦਿ ਗੱਡਣ ਲਗਦੇ ਹਨ, ਜ਼ਿਮੀਦਾਰ ਉਨ੍ਹਾਂ ਦਾ ਸਾਮਾਨ ਚੋਰੀ-ਛੁੱਪੇ ਜਾਂ ਖੁੱਲ੍ਹਮਖੁੱਲ੍ਹੇ ਚੁੱਕ ਕੇ ਲੈ ਜਾਂਦੇ ਹਨ। ਜੇ ਮਜ਼ਦੂਰ ਵਿਰੋਧ ਕਰਦਾ ਹੈ ਤਾਂ ਸਿੱਧਮ-ਸਿੱਧੀ ਲੜਾਈ ਵੀ ਹੋ ਜਾਂਦੀ ਹੈ; ਦੋਵੇਂ ਪਾਸੇ ਬੰਦੇ ਜ਼ਖਮੀ ਹੋ ਜਾਂਦੇ ਹਨ ਪਰ ਮਰਨ-ਮਾਰਨ ਦੇ ਕੇਸ ਬਹੁਤ ਘੱਟ ਮਿਲਦੇ ਹਨ। ਕਈ ਜ਼ਿਮੀਦਾਰਾਂ ਦਾ ਇਨ੍ਹਾਂ ਥਾਵਾਂ ਤੇ ਪੰਚਾਇਤ ਤੇ ਬੀ.ਡੀ.ਓ. ਦੀ ਮੱਦਦ ਨਾਲ ਪਹਿਲਾਂ ਹੀ ਕਬਜ਼ਾ ਹੁੰਦਾ ਹੈ। ਜੇ

ਮਜ਼ਦੂਰ ਕਬਜ਼ਾ ਕਰਨ ਜਾਂਦੇ ਹਨ ਤਾਂ ਜ਼ਿਮੀਦਾਰ ਹੱਲਾ ਬੋਲ ਦਿੰਦੇ ਹਨ। ਇਸ ਤਰ੍ਹਾਂ ਲੜਾਈ ਪਿੰਡ ਤੋਂ ਬਾਹਰ ਕੋਰਟ,ਸਰਕਾਰ ਜਾਂ ਇਸਦੇ ਅਧਿਕਾਰੀਆਂ ਕੋਲ ਚਲੀ ਜਾਂਦੀ ਹੈ। ਦੋਵੇਂ ਧਿਰਾਂ ਅੱਡ ਅੱਡ ਢੰਗਾਂ ਰਾਹੀਂ ਆਪਣਾ ਜ਼ੋਰ ਅਜ਼ਮਾਉਂਦੀਆਂ ਹਨ। ਇਸ ਮਸਲੇ ਤੇ ਘੋਲ ਦੌਰਾਨ ਵੀ ਸਮਾਜਕ ਬਾਈਕਾਟ, ਗੋਲੀ ਚਲਾਉਣਾ, ਮਜ਼ਦੂਰਾਂ ਨੂੰ ਘਰੋਂ ਭਜਾ ਦੇਣਾ ਆਦਿ ਬਹੁਤ ਘੱਟ ਵਾਪਰਦਾ ਹੈ।

## (ੲ) ਸਾਂਝੀਆਂ ਰਹਿਣ-ਸਹਿਣ ਵਾਲੀਆਂ ਥ਼ਾਵਾਂ :

ਪਿੰਡਾਂ ਵਿੱਚ ਪਾਣੀ ਦੇ ਨਿਕਾਸ ਦੀ ਸਮੱਸਿਆ ਸੰਬੰਧੀ ਆਮ ਸ਼ਿਕਾਇਤਾਂ ਮਿਲਦੀਆਂ ਹਨ।[35] ਇਹ ਕੁਦਰਤੀ ਹੈ ਕਿ ਅਜਿਹੇ ਸਮੇਂ **ਜ਼ਿਮੀਂਦਾਰਾਂ ਦਾ ਜ਼ੋਰ ਮਜ਼ਦੂਰਾਂ ਤੇ ਚਲਦਾ ਹੈ।** ਮਜ਼ਦੂਰ ਵਿਹੜਿਆਂ ਦੇ ਪਾਣੀ ਦਾ ਨਿਕਾਸ ਹੋਣ ਨਹੀਂ ਦਿੱਤਾ ਜਾਂਦਾ ਜਾਂ ਪਿੰਡ ਦਾ ਪਾਣੀ ਮਜ਼ਦੂਰ ਵਿਹੜੇ ਵੱਲ ਧੱਕ ਦਿਤਾ ਜਾਂਦਾ ਹੈ। ਸ਼ਮਸ਼ਾਨ-ਭੂਮੀ, ਧਰਮਸ਼ਾਲਾ/ਧਰਮਸਾਲਾ ਵਾਲੀ ਥਾਂ, ਪਲਾਟ/ਬਸਤੀ ਦੇ ਰਾਹ ਜਾਂ ਹੋਰ ਸਾਂਝੀਆਂ ਥਾਵਾਂ ਜਿਵੇਂ ਖੂਹੀ, ਸੱਥ, ਮੰਦਰ, ਟੱਟੀਆਂ ਵਾਲੀ ਥਾਂ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਪਹਿਲਾਂ ਹੀ ਕਬਜ਼ਾ ਹੁੰਦਾ ਹੈ।

ਜ਼ਿਮੀਂਦਾਰ ਪੰਚਾਇਤ ਅਤੇ ਆਪਣੀ ਗਿਣਤੀ ਦੇ ਜ਼ੋਰ ਨਾਲ ਸਾਂਝੀਆਂ ਥਾਵਾਂ ਦੀ ਵਰਤੋਂ ਇਸ ਢੰਗ ਨਾਲ ਕਰਦੇ ਹਨ ਕਿ ਜਿਸ ਨਾਲ ਉਨ੍ਹਾਂ ਦਾ ਇਕੱਠੇ ਜਾਂ ਨਿੱਜੀ ਤੌਰ ਤੇ ਹਿਤ ਪੂਰਾ ਹੁੰਦਾ ਹੋਵੇ। ਜੇ ਇਸ ਤਰ੍ਹਾਂ ਕਰਨ ਨਾਲ ਮਜ਼ਦੂਰਾਂ ਦੇ ਹਿੱਤ ਨੂੰ ਠੇਸ ਪਹੁੰਚਦੀ ਹੈ,ਤਾਂ ਇਸ ਦੀ ਕੋਈ ਪਰਵਾਹ ਨਹੀਂ ਕਰਦੇ। ਜੇ ਮਜ਼ਦੂਰ ਉਨ੍ਹਾਂ ਦੇ ਰਸਤੇ ਵਿੱਚ ਆਉਣ ਤਾਂ ਗੱਲ ਲੜਾਈ ਤਕ ਵੀ ਪਹੁੰਚ ਜਾਂਦੀ ਹੈ। ਕਈ ਵਾਰ ਸਿਰਫ ਮਜ਼ਦੂਰਾਂ ਵਾਸਤੇ ਹੀ ਕੋਈ ਸਾਂਝੀ ਥਾਂ ਜਾਂ ਸਹੂਲਤ ਦਿੱਤੀ ਹੁੰਦੀ ਹੈ, ਉਸ ਤੇ ਵੀ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਾਂ ਪਹਿਲਾਂ ਹੀ ਕਬਜ਼ਾ ਹੁੰਦਾ ਹੈ। ਅਜਿਹੇ ਸਮੇਂ ਉਹ ਪੰਚਾਇਤ, ਜਿਸ ਵਲੋਂ ਸਾਂਝੀਆਂ ਥ਼ਾਵਾਂ ਅਲਾਟ ਕੀਤੀਆਂ ਹੁੰਦੀਆਂ ਹਨ ਜਾਂ ਸਾਂਝੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਹੁੰਦੀਆਂ ਹਨ ਉਹ ਜਾਂ ਤਾਂ ਸਾਜ਼ਸ਼ੀ ਚੁੱਪ ਵੱਟੀ ਰਖਦੀ ਹੈ ਜਾਂ ਜ਼ਿਮੀਦਾਰਾਂ ਦੀ ਮੱਦਦ ਤੇ ਆ ਖੜ੍ਹਦੀ ਹੈ। ਇਸ ਮਸਲੇ ਤੇ ਸਮਾਜਕ ਬਾਈਕਾਟ ਸਿਵਾਏ, ਮਜ਼ਦੂਰੀ ਦੇ ਮਸਲੇ ਤੋਂ, ਸਭ ਨਾਲੋਂ ਜ਼ਿਆਦਾ ਹੁੰਦਾ ਹੈ। ਇਹ ਝਗੜੇ ਵੀ ਉਪਰੋਕਤ ਝਗੜਿਆਂ ਵਾਂਗ ਪਿੰਡ ਤੋਂ ਬਾਹਰ ਚਲੇ ਜਾਂਦੇ ਹਨ।

### 3. ਜਬਰ ਸੰਬੰਧੀ

ਬਹੁਤਾ ਜਬਰ ਮਜ਼ਦੂਰ ਲੜਕੀ ਜਾਂ ਔਰਤ ਨਾਲ ਬਲਾਤਕਾਰ, ਨਾਜਾਇਜ਼ ਸੰਬੰਧ, ਬਦਸਲੂਕੀ ਆਦਿ ਦੇ ਰੂਪ ਵਿੱਚ ਹੁੰਦਾ ਹੈ। ਖੇਤ ਮਜ਼ਦੂਰ ਲੜਕੀਆਂ ਜਾਂ ਔਰਤਾਂ ਦੇ ਬਹੁਤੇ ਬਲਾਤਕਾਰ ਜੱਟ ਸਿੱਖ ਨੌਜਵਾਨਾਂ ਵੱਲੋਂ ਕੀਤੇ ਗਏ ਹਨ। ਲਗਭਗ ਸਾਰੇ ਬਲਾਤਕਾਰ ਖੇਤਾਂ ਨੂੰ ਜਾਂਦੀ ਜਾਂ ਖੇਤ ਵਿੱਚ ਕੰਮ ਕਰਦੀ ਮਜ਼ਦੂਰ ਲੜਕੀ ਜਾਂ ਔਰਤ ਨਾਲ ਹੋਏ ਹਨ। ਅਜਿਹਾ ਕੋਈ ਕੇਸ ਨਹੀਂ ਮਿਲਿਆ ਜਿਥੇ ਬਲਾਤਕਾਰ ਅਨੁਸੂਚਿਤ ਜਾਤੀ ਦੇ ਕਿਸਾਨ ਦੀ ਔਰਤ ਜਾਂ ਲੜਕੀ ਨਾਲ ਹੋਇਆ ਹੋਵੇ। ਇਸ ਤੋਂ ਇਲਾਵਾ ਜ਼ਿਮੀਂਦਾਰਾਂ ਵਲੋਂ ਮਜ਼ਦੂਰਾਂ ਵਿੱਚ ਵੱਖ ਵੱਖ ਰੂਪਾਂ ਵਿੱਚ ਪ੍ਰਗਟ ਹੋ ਰਹੀ ਵਿਚਾਰਧਾਰਕ ਤਬਦੀਲੀ ਸਹਿਨ ਨਾ ਹੋ ਸਕਣ ਕਰਕੇ ਵੀ ਜਬਰ ਕੀਤਾ ਜਾਂਦਾ ਹੈ। ਉਹਨਾਂ ਮਜ਼ਦੂਰਾਂ ਦਾ ਜਥੇਬੰਦੀ ਬਣਾਉਣਾ, ਪਿੰਡ ਵਿੱਚ ਕਿਸੇ ਜਲੂਸ ਕੱਢਣਾ, ਕਿਸੇ ਉਲਟ ਗਵਾਹੀ ਦੇਣਾ, ਉਲਟ ਚੋਣ ਲੜਨਾ, ਨਾਜਾਇਜ਼ ਕੰਮ ਵਿਰੁੱਧ ਸ਼ਿਕਾਇਤ ਕਰਨਾ ਆਦਿ ਕੁਝ ਅਜਿਹੀਆਂ ਉਦਾਹਰਣਾਂ ਹਨ। ਕਿਸਿ ਜ਼ਿੱਦ ਕਾਰਨ ਉਨ੍ਹਾਂ ਤੇ ਚੋਰੀ ਦਾ ਕੇਸ ਪਾਉਣ ਜਾਂ ਉਨ੍ਹਾਂ ਤੇ ਸ਼ੱਕ ਕਾਰਨ ਵੀ ਉਨ੍ਹਾਂ ਦਾ ਨਾਂ ਧਰ ਲਿਆ ਜਾਂਦਾ ਹੈ।

ਮਜ਼ਦੂਰ ਔਰਤਾਂ ਜਾਂ ਲੜਕੀਆਂ ਦੇ ਬਲਾਤਕਾਰ ਦੇ ਮਸਲੇ ਤੇ ਮਜ਼ਦੂਰੀ ਦੇ ਮਸਲੇ ਵਾਂਗ ਸਾਰੀ ਜੱਟ ਸਿੱਖ ਕਿਸਾਨੀ ਖੁੱਲ੍ਹਮ-ਖੁੱਲ੍ਹੇ ਅਤੇ ਵਿਸ਼ਾਲ ਪੱਧਰ ਤੇ ਇੱਕਠੀ ਨਹੀਂ ਹੁੰਦੀ। ਲੁਕੇ-ਛੁਪੇ ਰੂਪ ਵਿੱਚ ਕਈ ਘਰ ਮੁਜ਼ਰਮ ਦੀ ਜ਼ਰੂਰ ਮੱਦਦ ਕਰਦੇ ਹਨ। ਸੰਬੰਧਿਤ ਮਜ਼ਦੂਰ ਨੂੰ ਪੈਸੇ ਦੇ ਕੇ ਰਾਜ਼ੀਨਾਮਾ ਕਰਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੇ ਉਹ ਬਾਹਰ ਕਿਸੇ ਸੰਬੰਧਿਤ ਅਧਿਕਾਰੀ ਕੋਲ ਸ਼ਿਕਾਇਤ ਕਰਨ ਜਾਂਦੇ ਹਨ ਤਾਂ ਕੋਸ਼ਿਸ਼ ਨਾਕਾਮ ਬਣਾ ਦਿੱਤੀ ਜਾਂਦੀ ਹੈ। ਜੇ ਇਸ ਮਸਲੇ ਤੇ ਮਜ਼ਦੂਰਾਂ ਦੀ ਜਥੇਬੰਦੀ ਮੱਦਦ ਤੇ ਹੁੰਦੀ ਹੈ, ਤਾਂ ਸਫਲਤਾ ਵੀ ਮਿਲ ਜਾਂਦੀ ਹੈ।

ਮਜ਼ਦੂਰਾਂ ਦਾ ਕੋਈ ਮਾਮਲਾ ਚਾਹੇ ਪਿੰਡ ਤਕ ਸੀਮਤ ਰਹੇ ਚਾਹੇ ਪਿੰਡ ਤੋਂ ਬਾਹਰ ਚਲਿਆ ਜਾਵੇ ਇਸ ਵਿੱਚ ਪੁਲਿਸ ਦਾ ਰੋਲ ਸਭ ਤੋਂ ਵੱਧ ਹੁੰਦਾ ਹੈ। ਪੁਲਿਸ ਦਾ ਮਜ਼ਦੂਰਾਂ ਪ੍ਰਤੀ ਵਤੀਰਾ ਦੋ ਤਰ੍ਹਾਂ ਦਾ ਹੁੰਦਾ ਹੈ— (ੳ) ਮਜ਼ਦੂਰਾਂ ਵਲੋਂ ਲਿਖਾਈ ਰਿਪੋਰਟ ਦਰਜ ਨਾ ਕਰਨਾ, ਉਡੀਕਣ ਲਈ ਕਹਿਣਾ, ਜੇ ਦਰਜ ਕਰ ਵੀ ਲੈਣਾ ਤਾਂ ਕਾਰਵਾਈ ਨਾ ਕਰਨਾ, ਜੇ ਕਾਰਵਾਈ ਕਰਨਾ ਤਾਂ ਲੇਟ ਕਰਨਾ ਆਦਿ। (ਅ) ਇਸ ਦੇ ਉਲਟ ਉਨ੍ਹਾਂ ਨੂੰ ਨਾਜਾਇਜ਼ ਹਿਰਾਸਤ ਵਿੱਚ ਰੱਖਣਾ, ਨਾਜਾਇਜ਼ ਕੁੱਟਣਾ, ਨਾਜਾਇਜ਼ ਕੇਸ ਬਣਾਉਣਾ, ਖੇਤ ਮਜ਼ਦੂਰ ਲੀਡਰਾਂ ਨੂੰ ਤੰਗ ਕਰਨਾ ਦੋਸ਼ੀਆਂ ਨਾਲ ਜਬਰੀ ਸਮਝੌਤਾ ਕਰਾਉਣਾ ਆਦਿ।

ਘੋਲ ਵਿੱਚ ਪੁਲਿਸ ਦੇ ਰੋਲ ਤੋਂ ਇਲਾਵਾ,ਪੁਲਿਸ ਤਸ਼ੱਦਦ ਆਪਣੇ ਆਪ ਵਿੱਚ ਇਕ ਵੱਖਰਾ ਮਸਲਾ ਵੀ ਹੈ। ਇਹ ਮਸਲਾ ਨਿੱਜੀ ਪੱਧਰ ਤੇ ਉਠਦਾ ਹੈ ਜਦੋਂ ਕੋਈ ਪਿੰਡ ਦਾ ਅਸਰਰਸੂਖ ਵਾਲਾ ਬੰਦਾ ਕਿਸੇ ਮਜ਼ਦੂਰ ਦੇ ਵਿਰੁੱਧ ਪੁਲਿਸ ਭੇਜਦਾ ਹੈ। ਅਜਿਹੇ ਮਸਲੇ ਵੀ ਜਥੇਬੰਦੀਆਂ ਦੀ ਹਾਜ਼ਰੀ ਵਿੱਚ ਅੱਵਲ ਤਾਂ ਘੱਟ ਉਠਦੇ ਹਨ, ਜੇ ਉਠ ਵੀ ਖੜਨ ਤਾਂ ਮਜ਼ਦੂਰਾਂ ਦੇ ਹੱਕ ਵਿਚ ਨਿਪਟਾਏ ਜਾਂਦੇ ਹਨ।

### 4. ਸਰਕਾਰ ਸੰਬੰਧੀ

**(ੳ) ਕਰਜ਼ੇ** :–ਇਸ ਮਸਲੇ ਤੇ ਕਾਫ਼ੀ ਸਰਗਰਮੀ ਦੇਖਣ ਵਿਚ ਆਈ ਹੈ। ਖੇਤ-ਮਜ਼ਦੂਰ ਲੀਡਰਾਂ ਨੇ ਦੱਸਿਆ ਕਿ ਕਈ ਪਿੰਡਾਂ ਵਿਚ ਖੇਤ-ਮਜ਼ਦੂਰ ਜ਼ਿਆਦਾ ਮਜ਼ਦੂਰੀ ਦੀ ਥਾਂ ਕਰਜ਼ੇ ਦੀ ਮੰਗ ਕਰਦੇ ਹਨ। ਮਜ਼ਦੂਰਾਂ ਅਨੁਸਾਰ ਸਰਕਾਰ ਦਾ ਕਰਜ਼ਾ ਜ਼ਿਮੀਦਾਰਾਂ ਦੇ ਕਰਜ਼ੇ ਨਾਲੋਂ ਕਿਤੇ ਚੰਗਾ ਹੁੰਦਾ ਹੈ ਕਿਉਂ ਕਿ ਇਸ ਕਰਜ਼ੇ ਵਿਚ ਆਜ਼ਾਦੀ ਜ਼ਿਆਦਾ ਹੈ। ਉਨ੍ਹਾਂ ਅਨੁਸਾਰ ਜ਼ਿਮੀਂ-ਦਾਰਾਂ ਨਾਲ ਟੱਕਰ ਲੈਣ ਵਿਚ ਬਹੁਤਾ ਫਾਇਦਾ ਨਹੀਂ, ਕਈ ਵਾਰੀ ਨੁਕਸਾਨ ਵੀ ਉਠਾਉਣਾ ਪੈਂਦਾ ਹੈ। ਉਸ ਤੋਂ ਦਿਹਾੜੀ (ਭਾਵੇਂ ਘੱਟ ਹੀ ਹੋਵੇ) ਤੋਂ ਇਲਾਵਾ ਹੋਰ ਕਈ ਸਹੂਲਤਾਂ ਲਈਆਂ ਜਾਂਦੀਆਂ ਹਨ। ਜੇ ਮਜ਼ਦੂਰ ਟੱਕਰ ਲੈ ਲੈਂਦਾ ਹੈ ਤਾਂ ਉਸ ਨੂੰ ਇਨ੍ਹਾਂ ਸਹੂਲਤਾਂ ਵਿਚੋਂ ਬਹੁਤੀਆਂ ਤੋਂ ਹੱਥ ਧੋਣੇ ਪੈਂਦੇ ਹਨ। ਫੇਰ ਉਸ ਨੂੰ ਦਿਹਾੜੀ ਕਰਨ ਵਾਸਤੇ ਗੁਆਂਢੀ ਪਿੰਡਾਂ ਵਿਚ ਜਾਣਾ ਪੈਂਦਾ ਹੈ ਜਿਹੜੇ ਕਿ ਕਾਫ਼ੀ ਦੂਰ ਪੈਂਦੇ ਹਨ। ਕਿਉਂਕਿ ਸਿੱਧੇ ਰਸਤੇ ਰਾਹੀਂ ਜ਼ਿਮੀਦਾਰ ਲੰਘਣ ਨਹੀਂ ਦਿੰਦੇ, ਬਾਹਰਲੇ ਪਿੰਡਾਂ ਦੇ ਜ਼ਿਮੀਂਦਾਰਾਂ ਤੋਂ ਲਈਆਂ ਲੋੜੀਂਦੀਆਂ ਵਸਤਾਂ ਚੁੱਕ ਕੇ ਲਿਆਉਣੀਆਂ ਔਖੀਆਂ ਹੁੰਦੀਆਂ ਹਨ। ਗੁਆਂਢੀ ਪਿੰਡਾਂ ਦੇ ਜ਼ਿਮੀਂਦਾਰਾਂ ਦਾ ਵੀ ਏਕਾ ਹੋਣ ਕਰਕੇ ਹੋਰ ਦੂਰ ਜਾਣਾ ਪੈਂਦਾ ਹੈ; ਦੂਰ ਜਾਣਾ ਸਿਰਫ ਔਖਾ ਹੀ ਨਹੀਂ, ਮਹਿੰਗਾ ਵੀ ਪੈਂਦਾ ਹੈ। ਇਸ ਤੋਂ ਇਲਾਵਾ ਖੇਤ-ਮਜ਼ਦੂਰ ਲੀਡਰਾਂ ਅਨੁਸਾਰ ਖੇਤੀ ਵਿੱਚ ਰੁਜ਼ਗਾਰ ਲਗਭਗ ਪੰਜ ਕੁ ਮਹੀਨਿਆ ਦੇ ਨੇੜੇ ਤੇੜੇ ਹੀ ਮਿਲਦਾ ਹੈ।

ਕਰਜ਼ੇ ਦੇ ਸੰਬੰਧ ਵਿਚ ਮੁੱਖ ਮਸਲਾ ਇਹ ਹੈ ਕਿ ਜਦੋਂ ਸੰਬੰਧਿਤ ਕਾਰਪੋਰੇਸ਼ਨ ਵਲੋਂ ਬੈਂਕ ਨੂੰ ਮਜ਼ਦੂਰਾਂ ਦੀਆਂ ਅਰਜ਼ੀਆਂ ਭੇਜੀਆਂ ਜਾਂਦੀਆਂ ਹਨ ਤਾਂ ਮੈਨੇਜਰ ਉਨ੍ਹਾਂ ਨੂੰ ਦੱਬੀ ਰਖਦਾ ਹੈ। ਉਹ ਕਰਜ਼ੇ ਲੈਣ ਵਾਲੇ ਵਿਚ ਦੋ ਗੱਲਾਂ ਦੇਖਦਾ ਹੈ—ਉਸ ਦੀ ਕਰਜ਼ਾ ਵਾਪਸ ਕਰਨ ਦੀ ਯੋਗਤਾ ਤੇ ਜਿਸ ਕੰਮ ਲਈ ਕਰਜਾ ਲਿਆ ਜਾ ਰਿਹਾ ਹੈ, ਉਸ ਸੰਬੰਧ ਵਿਚ ਤਜ਼ਰਬਾ। ਇਸ ਕਸਵਟੀ ਤੇ ਵਿਰਲੇ ਹੀ ਉਤਰਦੇ ਹਨ। ਨਿਯਮਾਂ ਅਨੁਸਾਰ ਗਰੰਟੀ ਨਹੀਂ ਲੈਂਦੇ। ਮਜ਼ਦੂਰ ਦੇ ਘਰ ਦੀ ਜ਼ਮਾਨਤ ਇਹ ਗੱਲ ਕਹਿ ਕੇ ਟਾਲ ਦਿੰਦੇ ਹਨ ਕਿ ਉਹ ਉਸਨੂੰ ਨਹੀਂ ਜਾਣਦੇ। ਜ਼ਿਮੀਂਦਾਰਾਂ ਦੀ ਜ਼ਾਮਨੀ ਮੰਗਦੇ ਹਨ ਜਿਨ੍ਹਾਂ ਦੀ ਜ਼ਾਮਨੀ ਲੈਣ ਬਦਲੇ ਕਿਸੇ ਨਾ ਕਿਸੇ ਤਰ੍ਹਾਂ ਅਹਿਸਾਨ ਚੁਕਾਉਣਾ ਪੈਂਦਾ ਹੈ। ਕਿਸੇ ਤੇ ਹੱਦ ਤੋਂ ਜ਼ਿਆਦਾ ਆਮਦਨ ਦਾ ਇਤਰਾਜ਼ ਲਾਉਂਦੇ ਹਨ ਅਤੇ ਕਿਸੇ ਨੂੰ ਕਹਿੰਦੇ ਹਨ ਕਿ ਉਸ ਦੀ ਆਮਦਨ ਏਨੀ ਘੱਟ ਹੈ ਕਿ ਉਹ ਕਰਜ਼ਾ ਮੋੜ ਨਹੀਂ ਸਕਦਾ। ਮਜ਼ਦੂਰ ਆਮ ਤੌਰ ਤੇ ਕਾਰਪੋਰੇਸ਼ਨ ਦੇ ਕਰਮਚਾਰੀਆਂ ਤੇ ਰਿਸ਼ਵਤ ਲੈਣ ਦਾ ਦੋਸ਼ ਲਾਉਂਦੇ ਹਨ। ਬੈਂਕ ਮੈਨੇਜਰਾਂ ਤੇ ਵੀ ਦੋਸ਼ ਲਾਇਆ ਜਾਂਦਾ ਹੈ ਕਿ ਉਹ ਰਿਸ਼ਵਤਾਂ ਭਾਲਦੇ ਹਨ ਅਤੇ ਜ਼ਾਤੀ ਵਿਤਕਰਾ ਕਰਦੇ ਹਨ। ਪਰ ਇਸ ਸੰਬੰਧ ਵਿਚ ਗੱਲ ਇਹ ਵੀ ਹੈ ਕਿ ਕਿਸੇ ਬੈਂਕ ਮੈਨੇਜਰ ਵਲੋਂ ਦਿੱਤੇ ਕਰਜ਼ੇ ਨੂੰ ਮੁੜਵਾਉਣਾ ਉਸ ਦੀ ਨਿੱਜੀ ਜ਼ਿਮੇਂਵਾਰੀ ਹੁੰਦੀ ਹੈ। ਜਥੇਬੰਦੀ ਦੇ ਜੋਰ ਨਾਲ ਜਾਂ ਐਮ. ਐੱਲ. ਏ. ਦੀ ਸਿਫਾਰਸ਼ ਨਾਲ ਮੈਨੇਜਰ ਕੁਝ ਕੇਸ ਨਿਪਟਾ ਦਿੰਦਾ ਹੈ। ਬਾਕੀ ਕੇਸਾਂ ਨੂੰ ਫਾਈਲ ਕਰ ਦਿੰਦਾ ਹੈ। ਮਜ਼ਦੂਰਾਂ ਨੂੰ ਬਹੁਤਾ ਕਰਜ਼ਾ ਮੱਝਾਂ ਦੇ ਰੂਪ ਵਿੱਚ ਹੀ ਮਿਲਦਾ ਹੈ ਕਿਉਂਕਿ ਪੇਂਡੂ ਵਿਕਾਸ ਏਜੰਸੀ ਵਲੋਂ ਬਾਕੀ ਦੇ ਪਰਵਾਣਿਤ ਕਿੱਤਿਆਂ ਦਾ ਉਸ ਨੂੰ ਤਜਰਬਾ ਨਹੀਂ ਹੁੰਦਾ। ਕਈਆਂ ਨੂੰ ਆਪਣੇ ਪੁਰਾਣੇ ਕਿੱਤਿਆਂ ਦਾ ਤਜਰਬਾ ਹੁੰਦਾ ਹੈ ਪਰ ਉਹ ਉਸ ਵਿਚ ਸਫਲ ਨਹੀਂ ਹੁੰਦੇ ਕਿਉਂਕਿ ਬਹੁਤੇ ਅਜਿਹੇ ਜੱਦੀ ਕਿੱਤੇ ਪਿੰਡਾਂ ਵਿਚ ਲਾਹੇਵੰਦ ਨਹੀਂ ਰਹੇ।[37] ਮੱਝਾਂ ਦਾ ਕੰਮ ਵੀ, ਖਾਸ ਕਰ ਪਿੰਡਾਂ ਵਿੱਚ ਫਾਇਦੇਮੰਦ ਧੰਦਾ ਨਹੀਂ ਰਿਹਾ।[38] ਕਰਜ਼ੇ ਦੇ ਸਵੈ-ਰੁਜ਼ਗਾਰ ਪੈਦਾ ਕਰਨ ਦੀ ਸ਼ਕਤੀ, ਸੰਬੰਧੀ ਦੋਵੇਂ ਉਲਟ ਤੇ ਹੱਕ ਵਿਚ ਵਿਚਾਰ ਮਿਲਦੇ ਹਨ।[39]

**(ਅ) ਮਕਾਨ** : ਸਰਕਾਰ ਵਲੋਂ ਸ਼ੁਰੂ ਵਿਚ ਪਲਾਟ ਦਿੱਤੇ ਗਏ ਪਰ ਉਨ੍ਹਾਂ ਵਿਚੋਂ ਬਹੁਤੇ ਪਲਾਟ ਪਿੰਡ ਤੋਂ ਕਈ ਮੀਲ ਦੂਰ ਨੀਵੀਂ ਥਾਂ ਵਿੱਚ, ਛੱਪੜ ਦੇ ਕੰਢੇ ਤੇ ਮੜ੍ਹੀਆਂ ਵਿੱਚ ਸਨ। ਕਈ ਪਲਾਟਾਂ ਨੂੰ ਜਾਣ ਦਾ ਕੋਈ ਰਸਤਾ ਨਹੀਂ ਸੀ। ਕਈ ਪਲਾਟ ਕਾਗ਼ਜ਼ਾਂ ਵਿਚ ਤਾਂ ਮਜ਼ਦੂਰਾਂ ਨੂੰ ਦਿੱਤੇ ਗਏ ਸਨ ਪਰ ਅਮਲੀ ਰੂਪ ਵਿਚ ਹੋਰ ਕਿਸੇ ਦਾ ਕਬਜ਼ਾ ਸੀ। ਕਈ ਮਜ਼ਦੂਰਾਂ ਤੋਂ ਕਿਸੇ ਨਾ ਕਿਸੇ ਬਹਾਨੇ ਪੰਚਾਇਤ ਨੇ ਪਲਾਟ ਛਡਾ ਲਿਆ ਅਤੇ ਉਨ੍ਹਾਂ ਨੂੰ ਇਸ ਬਦਲੇ ਕੋਈ ਪਲਾਟ ਨਹੀਂ ਦਿੱਤਾ ਅਤੇ ਨਾ ਕੋਈ ਮੁਆਵਜ਼ਾ ਦਿੱਤਾ। ਬਾਅਦ ਵਿੱਚ ਸਰਕਾਰ ਨੇ ਮਕਾਨ ਬਣਾ ਕੇ ਦੇਣ ਦੀ ਸਕੀਮ ਬਣਾਈ ਜਿਸ ਅਨੁਸਾਰ ਬਣੇ ਘਰ ਦੀ ਕੀਮਤ 6500 ਰੁਪੈ ਹੋਵੇਗੀ ਜਿਸ ਵਿਚ 5500 ਰੁਪੈ ਗਰਾਂਟ ਵਜੋਂ ਛੱਡ ਦਿਤੇ ਜਾਣਗੇ ਜਦ ਕਿ 1000 ਰੁਪੈ 4% ਵਿਆਜ ਨਾਲ ਵਾਪਸ ਕਰਨੇ ਪੈਣਗੇ

ਇਹ ਰਕਮ 10 ਰੁਪੈ ਪ੍ਰਤੀ ਮਹੀਨਾ ਦੇ ਹਿਸਾਬ ਨਾਲ 10 ਸਾਲਾਂ ਵਿਚ ਵਾਪਸ ਹੋਵੇਗੀ। 'ਬਹੁਤੀਆਂ ਥਾਵਾਂ ਤੇ ਅਲਾਟੀ ਮਕਾਨਾਂ ਵਿਚ ਨਹੀਂ ਆਏ। ਘਰ ਦਾ ਇਕੋ ਇਕ ਦਰਵਾਜ਼ਾ ਸਿਰਫ਼ ਤਿੰਨ ਫੁਟ ਚੌੜਾ ਹੈ, ਜਿਸ ਅੰਦਰ ਵੱਡੀਆਂ ਚੀਜ਼ਾਂ ਲਿਜਾਣਾ ਅਸੰਭਵ ਹੈ। ਪਾਣੀ ਬਾਹਰ ਜਾਣ ਲਈ ਨਾਲੀ ਨਹੀਂ। ਪਸ਼ੂ ਬੰਨ੍ਹਣ ਲਈ ਥਾਂ ਨਹੀਂ। ਫਰਸ਼ ਨੀਵੇਂ ਤੇ ਕੱਚੇ ਹਨ। ਕਈ ਥਾਵਾਂ ਤੇ ਮਕਾਨ ਨੀਵੇਂ ਥਾਂ ਵਿਚ ਹਨ, ਅਤੇ ਬਰਸਾਤ ਦੇ ਦਿਨਾਂ ਵਿਚ ਪਾਣੀ ਨਾਲ ਭਰ ਜਾਂਦੇ ਹਨ। ਕਈ ਅਲਾਟੀਆਂ ਦੇ ਆਪਣੇ ਘਰ ਹਨ। ਇਸ ਲਈ ਉਹ ਨਵੇਂ ਮਕਾਨਾਂ ਵਿਚ ਜਾਣ ਨੂੰ ਤਿਆਰ ਨਹੀਂ। ਪਿੰਡ ਦੀ ਵਸੋਂ ਤੋਂ ਦੂਰ ਹੋਣ ਕਾਰਨ ਕਈ ਨਵੇਂ ਮਕਾਨ ਵਿੱਚ ਜਾਣਾ ਨਹੀਂ ਚਾਹੁੰਦੇ।[40] ਹੁਣ ਸਰਕਾਰ ਵਲੋਂ ਮਕਾਨ ਬਣਾ ਕੇ ਦੇਣ ਦੀ ਸਕੀਮ ਵਿੱਚ ਇਸ ਤਜਵੀਜ਼ ਤੇ ਵਿਚਾਰ ਹੋ ਰਹੀ ਹੈ ਕਿ ਪਲਾਟ ਪਹਿਲਾਂ ਹੀ ਸੰਬੰਧਿਤ ਵਿਅਕਤੀਆਂ ਨੂੰ ਅਲਾਟ ਕੀਤਾ ਜਾਵੇ ਤਾਂ ਕਿ ਉਹ ਉਸਾਰੀ ਸਮੇਂ ਨਿਗਰਾਨੀ ਰੱਖ ਸਕੇ। ਉਸਾਰੀ ਸਮੇਂ ਸਾਮਾਨ ਪੂਰਾ ਨਾ ਲਾਉਣਾ, ਉਸਾਰੀ ਉਪਰੰਤ ਅਲਾਟਮੈਂਟ ਤਕ ਸੁੰਨੇ ਪਏ ਮਕਾਨ ਦੀਆਂ ਖਿੜਕੀਆਂ ਤੇ ਦਰਵਾਜ਼ੇ ਚੋਰਾਂ ਵਲੋਂ ਲਾਹ ਕੇ ਲੈ ਜਾਣਾ ਅਤੇ ਹੋਰ ਉਪਰੋਕਤ ਸ਼ਿਕਾਇਤਾਂ ਨੇ ਸਰਕਾਰ ਨੂੰ ਸਕੀਮ ਦੁਬਾਰਾ ਵਿਚਾਰਨ ਲਈ ਮਜਬੂਰ ਕੀਤਾ[41]।

**(ੲ) ਪੀਲੇ ਕਾਰਡ** ਇਹ ਵੀ ਕਰਜ਼ੇ ਜਿੰਨਾ ਹੀ ਭਖਦਾ ਮਸਲਾ ਹੈ। ਇਸ ਸੰਬੰਧ ਵਿੱਚ ਤਿੰਨ ਤਰ੍ਹਾਂ ਦੀਆਂ ਸ਼ਿਕਾਇਤਾਂ ਮਿਲੀਆਂ ਹਨ (ੳ) ਪੀਲੇ ਕਾਰਡ ਬਣਾਉਣ ਦਾ ਹੱਕ 3600 ਰੁਪੈ ਤੋਂ ਵਧਾ ਕੇ 6000 ਤਕ ਦੀ ਸਾਲਾਨਾ ਆਮਦਨ ਵਾਲੇ ਨੂੰ ਦਿੱਤਾ ਜਾਵੇ[42]। (ਅ) ਇਸ ਸੰਬੰਧ ਵਿੱਚ ਕਰਾਏ ਗਏ ਸਰਵੇਖਣ ਸਮੇਂ ਸੰਬੰਧਿਤ ਕਰਮਚਾਰੀ ਬਹੁਤੇ ਗਰੀਬਾਂ ਦੇ ਘਰ ਨਹੀਂ ਗਏ। ਦੂਸਰੇ ਪਾਸੇ ਕਰਮਚਾਰੀਆਂ ਦੀ ਸ਼ਿਕਾਇਤ ਹੈ ਕਿ ਸਮਾਂ ਘੱਟ ਦਿੱਤਾ ਗਿਆ ਅਤੇ ਸ਼ਨਾਖਤ ਨਾਲ ਸੰਬੰਧਿਤ ਸਰਵੇਖਣ ਬਾਰੇ ਪੂਰੀ ਸਿਖਲਾਈ ਨਹੀਂ ਦਿੱਤੀ ਗਈ। ਦੋ ਜ਼ਿਲ੍ਹਿਆਂ ਦੇ 500 ਲਾਭਕਾਰਾ ਨਾਲ ਕੀਤੀ ਇੰਟਰਵਿਊ, ਕਰਮ-ਚਾਰੀਆਂ ਦੀ ਇਸ ਸੰਬੰਧ ਵਿੱਚ ਹੋਰ ਅਣਗਹਿਲੀਆਂ ਤੇ ਚਾਨਣਾ ਪਾਉਂਦੀ ਹੈ[43] (ਸ) ਇਨ੍ਹਾਂ ਦੀ ਕੋਈ ਪੁੱਛ-ਪ੍ਰਤੀਤ ਨਹੀਂ। ਇਸ ਆਧਾਰ ਤੇ ਕਰਜ਼ੇ ਤੇ ਵਜ਼ੀਫ਼ੇ ਨਾ ਮਿਲਣ, ਤੇ ਫੀਸ ਮੁਆਫ਼ ਨਾ ਹੋਣ ਆਦਿ ਦੀਆਂ ਸ਼ਿਕਾਇਤਾਂ ਮਿਲੀਆ ਹਨ। ਸਸਤੀਆਂ ਚੀਜ਼ਾਂ ਦੀਆਂ ਦੁਕਾਨਾਂ ਪਿੰਡਾਂ ਵਿੱਚ ਘੱਟ ਹੋਣ ਕਰਕੇ, ਇਸ ਦਾ ਲੋਕ ਬਹੁਤਾ ਫ਼ਾਇਦਾ ਨਹੀਂ ਉਠਾ ਸਕਦੇ। ਅਜਿਹੇ ਟੱਬਰ ਦੇ ਇਕ ਮੈਂਬਰ ਨੂੰ ਰੁਜ਼ਗਾਰ ਦੇਣ ਦੀ ਗੱਲ ਵੀ ਕਿਤੇ ਤੁਰਦੀ ਨਹੀਂ ਦਿਸਦੀ!

**(ਸ) ਸਰਬ-ਪੱਖੀ ਕਾਨੂੰਨ :** ਸਿਰਫ਼ ਪੰਜਾਬ ਖੇਤ-ਮਜ਼ਦੂਰ ਸਭਾ ਦੀ ਹੀ ਇਸ ਮਸਲੇ ਤੇ ਪੁਜ਼ੀਸ਼ਨ ਜ਼ਿਆਦਾ ਸਪੱਸ਼ਟ ਹੈ। ਉਸ ਨੇ ਆਪਣੇ ਸਰਕਾਰ ਵਿਰੁੱਧ ਘੋਲ ਵਿੱਚ ਇਹ ਮਸਲਾ ਇਕ ਨੰਬਰ ਤੇ ਰੱਖਿਆ ਹੋਇਆ ਹੈ[44]। ਸਰਬਪੱਖੀ ਕਾਨੂੰਨ ਤੋਂ ਅਰਥ ਇਹ ਨਹੀਂ ਜਿਸ ਤਰ੍ਹਾਂ ਲੋਕ ਸੋਚਦੇ ਹਨ ਕਿ ਖੇਤ ਮਜ਼ਦੂਰਾਂ ਨਾਲ ਸੰਬੰਧਿਤ ਸਾਰੇ ਮਸਲੇ ਜਿਵੇਂ ਭੂਮੀ-ਸੁਧਾਰ, ਘਰਾਂ ਵਾਸਤੇ ਥਾਂ ਆਦਿ ਵੀ ਸ਼ਾਮਲ ਹਨ। ਬਲਕਿ ਇਸ ਤੋਂ ਅਰਥ ਹੈ ਕਿ ਮਜ਼ਦੂਰੀ ਅਤੇ ਇਸ ਨਾਲ ਸੰਬੰਧਿਤ ਜ਼ਰੂਰੀ ਮਸਲੇ ਸਬੰਧੀ ਕਾਨੂੰਨ ਬਣਾਉਣਾ ਜਿਨ੍ਹਾਂ ਦਾ ਇਕ ਇਕ ਕਰਕੇ ਹੇਠਾਂ ਵਰਣਨ ਕੀਤਾ ਜਾਂਦਾ ਹੈ।[45]

(1) ਪੈਦਾਵਾਰ ਵਧਣ ਨਾਲ ਕੁਝ ਹੱਦ ਤਕ ਰੁਜ਼ਗਾਰ ਵਧਿਆ ਹੈ, ਪਰ ਅਸਲ ਮਜ਼ਦੂਰੀ ਘਟੀ ਹੈ। ਮਜ਼ਦੂਰਾਂ ਦੀ ਕੰਮ ਕਰਨ ਦੀ ਹਾਲਤ, ਖਾਸ ਕਰ ਕੰਮ ਦੇ ਘੰਟੇ ਤੇ ਕੰਮ ਦਾ ਬੋਝ ਵਧਿਆ ਹੈ। ਖੇਤ-ਮਜ਼ਦੂਰ ਲੀਡਰਾਂ ਅਨੁਸਾਰ ਸਿਰਫ 5 ਕੁ ਮਹੀਨੇ ਖੇਤੀ ਵਿੱਚ ਰੁਜ਼ਗਾਰ ਮਿਲਦਾ ਹੈ। ਕੰਬਾਈਨਾਂ ਦੇ ਆਉਣ ਨਾਲ ਖੇਤ ਮਜ਼ਦੂਰਾਂ ਦੀ ਲੜਾਈ ਵੱਡੇ ਕਿਸਾਨ ਨਾਲ ਕੁਝ ਘੱਟ ਕੇ ਦਰਮਿਆਨੇ ਤੇ ਛੋਟੇ ਕਿਸਾਨ ਨਾਲ ਵਧੀ ਹੈ। ਕੁਝ ਹੱਦ ਤੱਕ ਖੇਤੀਬਾੜੀ ਤੋਂ ਬਾਹਰ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕੇ ਵਧੇ ਹਨ।[46] ਇਨ੍ਹਾਂ ਹਾਲਤਾਂ ਵਿੱਚ ਬੇਕਾਰੀ ਭੱਤਾ ਕਾਫ਼ੀ ਭਖਦਾ ਮਸਲਾ ਬਣ ਸਕਦਾ ਹੈ।

**(2) ਘੱਟੋ ਘੱਟ ਉਜਰਤਾਂ** : 'ਸਰਕਾਰ ਘੱਟੋ ਘੱਟ ਉਜਰਤਾਂ' ਘੱਟ ਤੋਂ ਘੱਟ ਬੰਨ੍ਹਣ ਦੀ ਕੋਸ਼ਿਸ਼ ਕਰਦੀ ਹੈ ਕਿਉਂਕਿ ਉਹ ਜ਼ਿਮੀਂਦਾਰਾਂ ਨੂੰ ਨਾਰਾਜ਼ ਨਹੀਂ ਕਰਨਾ ਚਾਹੁੰਦੀ। ਇਸ ਲਈ ਘੱਟੋ ਘੱਟ ਬੰਨ੍ਹੀ ਮਜ਼ਦੂਰੀ ਤੋਂ ਜ਼ਿਆਦਾ ਮਜ਼ਦੂਰੀ ਪਹਿਲਾਂ ਹੀ ਕਈ ਥਾਵਾਂ ਤੇ ਮਿਲ ਰਹੀ ਹੁੰਦੀ ਹੈ। ਬੰਨ੍ਹੀ ਮਜ਼ਦੂਰੀ ਨੂੰ ਲਾਗੂ ਕਰਨ ਦਾ ਮਸਲਾ ਹੋਰ ਵੀ ਗੰਭੀਰ ਹੈ ਕਿਉਂਕਿ ਸਰਕਾਰ ਅਜਿਹੇ ਮਸਲੇ ਤੋਂ ਜਿੰਨਾ ਕੁ ਟਲ ਸਕੇ ਟਲਦੀ ਹੈ।[47]

**(3) ਥਰੈਸ਼ਰ ਹਾਦਸੇ** : ਅਜਿਹੇ ਹਾਦਸਿਆਂ ਨੇ ਕੁੱਲ ਦੇਸ਼ ਵਿੱਚ 1000 ਤੋਂ ਵੱਧ ਲੋਕਾਂ ਨੂੰ ਉਨ੍ਹਾਂ ਦੇ ਹੱਥ ਵੱਢ ਕੇ ਨਕਾਰਾ ਬਣਾ ਦਿੱਤਾ ਹੈ। ਇਕੱਲੇ ਪੰਜਾਬ ਵਿੱਚ ਔਸਤਨ 340 ਖੇਤ ਮਜ਼ਦੂਰ ਹਰ ਸਾਲ ਥਰੈਸ਼ਰਾਂ ਰਾਹੀਂ ਜ਼ਖ਼ਮੀ ਹੁੰਦੇ ਹਨ ਅਤੇ ਕਈ ਜਾਨਾਂ ਵੀ ਖੋ ਬੈਠਦੇ ਹਨ। ਨੁਕਸਾਨਦਾਰ ਥਰੈਸ਼ਰ, ਕੰਮ ਦੀ ਬਹੁਲਤਾ, ਢਿੱਲੇ ਕੱਪੜੇ ਪਾ ਕੇ ਕੰਮ ਕਰਨਾ ਅਤੇ ਸ਼ਰਾਬ ਜਾਂ ਹੋਰ ਨਸ਼ੇ ਪੀ/ਖਾ ਕੇ ਰੁੱਗ ਲਾਉਣਾ ਆਦਿ ਕਾਰਨਾਂ ਕਰਕੇ 61.29 ਫੀਸਦੀ ਹਾਦਸੇ ਹੁੰਦੇ ਹਨ ਜਦ ਕਿ 24.19 ਫੀ ਸਦੀ ਮਸ਼ੀਨਾਂ ਕਾਰਨ ਵਾਪਰੇ। 1980 ਵਿੱਚ ਹਾਦਸਿਆਂ ਦਾ

ਸ਼ਿਕਾਰ ਹੋਏ ਕਰੀਬ 60 ਫੀ ਸਦੀ ਲੋਕ ਖੇਤ-ਮਜ਼ਦੂਰ ਸਨ[48]। ਥਰੈਸ਼ਰ ਤੋਂ ਬਚਾ ਵਾਸਤੇ ਸਰਕਾਰ ਨੇ ਅਜੇ ਤਕ ਕੋਈ ਕਾਨੂੰਨ ਪਾਸ ਨਹੀਂ ਕੀਤਾ। ਇਸ ਸਬੰਧ ਵਿੱਚ ਹੋਰ ਮੰਗਾਂ ਇਹ ਹਨ ਕਿ ਮੁਆਵਜ਼ਾ ਮਾਰਕੀਟ ਬੋਰਡ ਵਲੋਂ ਦਿੱਤਾ ਜਾਵੇ ਨਾ ਕਿ ਸਰਕਾਰ, ਵਲੋਂ; ਪੈਸੇ ਮਨੀਆਰਡਰ ਰਾਹੀਂ ਘਰ ਪਹੁੰਚਣੇ ਚਾਹੀਦੇ ਹਨ, ਨਕਾਰਾ ਹੋਏ ਵਿਅਕਤੀਆਂ ਨੂੰ ਨੌਕਰੀ ਜਾਂ ਪੈਨਸ਼ਨ ਮਿਲੇ, ਅਤੇ ਜ਼ਖ਼ਮੀ ਵਿਅਕਤੀਆਂ ਨੂੰ ਮੁਫ਼ਤ ਡਾਕਟਰੀ ਸਹਾਇਤਾ ਮਿਲੇ।

**IV) ਮਜ਼ਦੂਰ ਔਰਤਾਂ** :-ਔਰਤਾਂ ਨੂੰ ਮਰਦਾਂ ਬਰਾਬਰ ਦਿਹਾੜੀ ਨਹੀਂ ਮਿਲਦੀ। ਇਸ ਸੰਬੰਧ ਵਿਚ 1976 ਵਿਚ ਇਕ ਕਾਨੂੰਨ ਬਣਾਇਆ ਸੀ ਪਰ ਉਹ ਅਜੇ ਤਕ ਲਾਗੂ ਨਹੀਂ ਹੋਇਆ। ਇਸ ਕਾਨੂੰਨ ਵਿਚ ਇਹ ਵੀ ਸ਼ਾਮਲ ਕੀਤਾ ਜਾਵੇ ਕਿ ਗਰਭਵੰਰਤੀ ਮਜ਼ਦੂਰ ਔਰਤਾਂ ਨੂੰ 30 ਰੁਪਏ ਪ੍ਰਤੀ ਮਹੀਨਾ ਸਹਾਇਤਾ ਮਿਲੇ। ਬੱਚਿਆਂ ਦੇ ਜਣੇਪੇ ਵਾਸਤੇ ਜੱਚਾ-ਕੇਂਦਰ ਤੇ ਛੋਟੇ ਬੱਚਿਆਂ ਲਈ ਬਾਲ-ਭਵਨ ਖੋਹਲੇ ਜਾਣ ਤਾਂ ਕਿ ਜਦੋਂ ਮਾਵਾਂ ਕੰਮ ਤੇ ਜਾਣ ਇਸ ਸਹੂਲਤ ਨੂੰ ਵਰਤ ਸਕਣ। ਪੰਜਾਬ ਖੇਤ-ਮਜ਼ਦੂਰ ਸਭਾ ਤੇ ਪੰਜਾਬ ਦਿਹਾਤੀ ਮਜ਼ਦੂਰ ਸਭਾ ਦੇ ਸਮਾਗਮਾਂ ਵਿਚ ਔਰਤਾਂ ਦੇ ਸੰਬੰਧ ਵਿੱਚ ਨਾਬਰਾਬਰੀ ਦੇਖਣ ਵਿੱਚ ਆਈ। ਖੇਤ-ਮਜ਼ਦੂਰ ਸਭਾ ਦੇ ਸਮਾਗਮ ਵਿਚ 10 ਕੁ ਇਸਤਰੀ ਪ੍ਰਤਿਨਿਧ ਸ਼ਾਮਲ ਹੋਏ ਪਰ ਉਨ੍ਹਾਂ ਕਿਸੇ ਕਿਸਮ ਦਾ ਸਮਾਗਮ ਦੀ ਕਾਰਵਾਈ ਵਿੱਚ ਹਿੱਸਾ ਨਹੀਂ ਲਿਆ। ਦਿਹਾਤੀ ਮਜ਼ਦੂਰ ਸਭਾ ਦੇ ਸਮਾਗਮ ਵਿਚ ਕੋਈ ਇਸਤਰੀ ਡੈਲੀਗੇਟ ਆਈ ਹੀ ਨਹੀਂ ਅਤੇ ਕੋਈ ਡੈਲੀਗੇਟਾਂ ਨੇ ਇਹ ਮਸਲਾ ਉਠਾਇਆ ਕਿ ਇਸਤਰੀ ਖੇਤ-ਮਜ਼ਦੂਰਾਂ ਦੇ ਸੰਬੰਧ ਵਿਚ ਸਿਰਫ਼ ਇਸਤਰੀ ਕਾਰਕੁਨ ਹੀ ਕੰਮ ਕਰ ਸਕਦੀਆਂ ਹਨ, ਬੰਦੇ ਨਹੀਂ। ਇਸ ਲਈ ਸਭਾ ਦੀ ਸਰਗਰਮੀਆਂ ਵਿਚ ਇਸਤਰੀਆਂ ਨੂੰ ਵੀ ਅੱਗੇ ਲਿਆਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਔਰਤਾਂ ਦਾ ਘੋਲਾਂ ਵਿਚ ਘੱਟ ਸ਼ਾਮਲ ਹੋਣ ਦਾ ਕਾਰਨ ਉਨ੍ਹਾਂ ਦੇ ਪਤੀਆਂ ਦਾ ਨਾਂਹ-ਪੱਖੀ ਰੋਲ ਵੀ ਹੈ।

**V) ਬੁਢਾਪਾ ਪੈਨਸ਼ਨ** :- ਇਸ ਮੱਦ ਥੱਲੇ ਸਰਕਾਰ ਵਲੋਂ ਚੋਖੀ ਰਕਮ ਰੱਖੀ ਜਾਵੇ। 55 ਸਾਲ ਜਾਂ ਇਸ ਤੋਂ ਉਪਰ ਦੇ ਮਰਦ ਜਾਂ ਤੀਵੀਂ ਖੇਤ-ਮਜ਼ਦੂਰਾਂ ਨੂੰ ਘੱਟੋ ਘੱਟ 100 ਰੁਪੈ ਦਿੱਤੇ ਜਾਣ। ਪੈਨਸ਼ਨ ਮਨਜ਼ੂਰ ਕਰਨ ਲਈ ਕਮਾਊ ਲੜਕੇ ਦੀ ਸ਼ਰਤ ਖਤਮ ਕੀਤੀ ਜਾਵੇ ਕਿਉਂਕਿ ਆਮ ਤੌਰ ਤੇ ਕਮਾਊ ਪੁੱਤ ਮਾਂ ਬਾਪ ਦੀ ਮਦਦ ਨਹੀਂ ਕਰਦੇ ਜਾਂ ਉਨ੍ਹਾਂ ਵਿਚ ਲੋੜੀਂਦੀ ਮਦਦ ਕਰਨ ਦੀ ਸਮਰੱਥਾ ਬਹੁਤ ਘੱਟ ਹੁੰਦੀ ਹੈ।

**VI) ਕਾਨੂੰਨ ਲਾਗੂ ਕਰਨ ਵਾਲੀ ਮਸ਼ੀਨਰੀ** : ਪੰਜਾਬ ਦੇ ਕਿਰਤ ਤੇ ਰੁਜਗਾਰ ਮੰਤਰੀ ਨੇ ਆਪਣੇ ਮੰਤਰਾਲੇ ਦੇ ਕਿਰਤ ਵਿਭਾਗ ਵਿੱਚ ਇਕ ਵੱਖਰਾ ਪੇਂਡੂ ਵਿੰਗ ਸਥਾਪਤ ਕੀਤਾ ਹੈ ਜਿਸ ਨੇ ਅੱਗੇ ਲੇਬਰ ਇਨਸਪੈਕਟਰ ਨਿਯੁਕਤ ਕੀਤੇ ਹਨ। ਪਰ ਸਾਰੇ ਜ਼ਿਲੇ ਵਾਸਤੇ ਇਕੋ ਹੀ ਲੇਬਰ ਇਨਸਪੈਕਟਰ ਲਾਇਆ ਗਿਆ ਹੈ ਜਿਸ ਪਾਸ ਪਿੰਡਾਂ ਵਿਚ ਜਾਣ ਲਈ ਜੀਪ ਆਦਿ ਦਾ ਕੋਈ ਸਾਧਨ ਨਹੀਂ। ਫੇਰ ਭੱਠੇ ਤੇ ਸ਼ੈਲਰ ਵੀ ਉਨ੍ਹਾਂ ਨੂੰ ਸਪੁਰਦ ਕੀਤੇ ਹੋਏ ਹਨ। ਕਈ ਥਾਵਾਂ ਤੇ ਇਹ ਇਨਸ-ਸ਼ੈਲਰ ਜਾਂ ਭੱਠੇ ਮਾਲਕਾਂ ਦੇ ਮਕਾਨਾਂ ਵਿਚ ਮੁਫ਼ਤ ਰਹਿ ਰਹੇ ਹੁੰਦੇ ਹਨ। ਅਜਿਹੇ ਅਧਿਕਾਰੀਆਂ ਨੇ ਮਜ਼ਦੂਰ ਦੇ ਹਿੱਤਾਂ ਦੀ ਕੀ ਰਾਖੀ ਕਰਨੀ ਹੋਈ।[49]

**(ਹ) ਸਸਤੇ ਭਾਅ ਦੀਆਂ ਦੁਕਾਨਾਂ**—ਇਹ ਦੁਕਾਨਾਂ ਜਨਸੰਖਿਆ ਦੇ ਹਿਸਾਬ ਨਾਲ ਬਹੁਤ ਘੱਟ ਹਨ। ਇਸ ਦਾ ਕਾਰਨ ਦੱਸਿਆ ਜਾਂਦਾ ਹੈ ਕਿ ਇਨ੍ਹਾਂ ਦੁਕਾਨਾਂ ਨੂੰ ਕੋਈ ਲੈਣ ਵਾਸਤੇ ਤਿਆਰ ਨਹੀਂ ਕਿਉਂਕਿ ਇਨ੍ਹਾਂ ਵਿਚ ਕੁਝ ਨਹੀਂ ਬਚਦਾ। ਕਈ ਸੂਬਿਆਂ ਨੇ ਕੇਂਦਰ ਨੂੰ ਕਿਹਾ ਹੈ ਕਿ ਜ਼ਿਆਦਾ ਦੁਕਾਨਾਂ ਖੋਲ੍ਹਣਾ ਅਮਲੀ ਰੂਪ ਵਿੱਚ ਸੰਭਵ ਨਹੀ ਕਿਉਂਕਿ ਉਨ੍ਹਾਂ ਵਾਸਤੇ ਕਈ ਚੀਜ਼ਾਂ ਬਾਹਰਲੇ ਸੂਬਿਆਂ ਤੋਂ ਮੰਗਵਾਉਣੀਆਂ ਪੈਂਦੀਆਂ ਹਨ ਜਿਹੜੀਆਂ ਕਿ ਕਈ ਵਾਰ ਸਮੇਂ ਸਿਰ ਨਹੀਂ ਪਹੁੰਚਦੀਆਂ।[50] ਇਸ ਸੰਬੰਧ ਵਿੱਚ ਮੰਗਾਂ ਹਨ ਕਿ ਇਨ੍ਹਾਂ ਦੁਕਾਨਾਂ ਦਾ ਕੋਟਾ ਦੁਗਣਾ ਕੀਤਾ ਜਾਵੇ, ਕਪੜਾ ਛੇ ਮਹੀਨਿਆਂ ਵਿੱਚ ਇਕ ਵਾਰੀ ਮਿਲਦਾ ਹੈ, ਇਹ ਛੇਤੀ ਮਿਲਣਾ ਚਾਹੀਦਾ ਹੈ, ਖੰਡ ਹਫ਼ਤੇ ਵਿੱਚ ਸਿਰਫ਼ ਤਿੰਨ ਦਿਨ ਮਿਲਦੀ ਹੈ, ਇਕ ਤੋਂ ਉਨੱਤੀ ਤਾਰੀਖ ਤਕ ਮਿਲਣੀ ਚਾਹੀਦੀ ਹੈ।

**(ਕ) ਵਿਦਿਅਕ ਸਹੂਲਤਾਂ**—ਅਨੁਸੂਚਿਤ ਜਾਤੀਆਂ ਦੇ ਬੱਚਿਆਂ ਦੀ ਵਿਸ਼ੇਸ਼ ਸਿਖਲਾਈ ਸਕੀਮ ਜੋ ਪਹਿਲਾਂ ਚਲਾਈ ਸੀ, ਹੁਣ ਬੰਦ ਕਰ ਦਿੱਤੀ ਹੈ। ਕੁਝ ਇਮਾਨਦਾਰ ਅਧਿਆਪਕਾਂ ਨੂੰ ਛੱਡ ਕੇ ਬਹੁਤੇ ਅਧਿਆਪਕ 10-15 ਮਿੰਟ ਕਲਾਸਾਂ ਲਾ ਕੇ ਖਾਨਾਪੂਰੀ ਕਰਦੇ ਸਨ। ਬਹੁਤੇ ਸਕੂਲਾਂ ਵਿਚ ਇਹ ਸਕੀਮ ਅਧਿਆਪਕਾਂ ਵਿਚਾਲੇ ਝਗੜੇ ਦੀ ਜੜ੍ਹ ਬਣ ਗਈ ਸੀ। ਇਸ ਲਈ ਸੰਬੰਧਿਤ ਵਿਦਿਆਰਥੀ ਕਲਾਸਾਂ ਲਾਉਣ ਵਾਸਤੇ ਉਤਸ਼ਾਹਿਤ ਨਹੀਂ ਹੁੰਦੇ ਸਨ। ਮੁਫ਼ਤ ਕਿਤਾਬਾਂ ਕਾਪੀਆਂ, ਵਰਦੀ, ਵਜ਼ੀਫਾ ਆਦਿ ਸਕੀਮਾਂ ਗਰੀਬਾਂ ਤਕ ਠੀਕ ਤਰ੍ਹਾਂ ਨਹੀਂ ਪਹੁੰਚਦੀਆਂ। ਬਹੁਤ ਮਜ਼ਦੂਰ ਬੱਚੇ ਪੜ੍ਹਾਈ ਵਿਚੇ ਛੱਡ ਜਾਂਦੇ ਹਨ।

**(ਖ) ਮੁਫ਼ਤ ਕਾਨੂੰਨੀ ਸਹਾਇਤਾ**—ਇਹ ਸਕੀਮ 1980 ਵਿੱਚ ਸ਼ੁਰੂ ਕੀਤੀ ਗਈ ਸੀ ਅਤੇ ਇਕ ਸਾਲ ਵਾਸਤੇ ਦੋ ਲੱਖ ਰੁਪਏ ਰੱਖੇ ਗਏ। ਪਹਿਲੇ ਨੌ ਮਹੀਨਿਆਂ ਵਿਚ ਕੇਵਲ 419 ਵਿਅਕਤੀਆਂ ਨੂੰ ਕਾਨੂੰਨੀ ਸਹਾਇਤਾ ਦਿਤੀ ਗਈ ਜਿਹੜੀ ਕਿ 3730-50 ਰੁਪੈ ਬਣਦੀ ਹੈ। ਬਾਕੀ

ਪੈਸੇ ਦਾ ਵੱਡਾ ਹਿੱਸਾ ਤਨਖਾਹਾਂ ਤੇ ਖਰਚ ਹੋ ਗਿਆ। ਇਸ ਸਕੀਮ ਨੂੰ ਪਿੰਡਾਂ ਵਿਚ ਗਿਣਤੀ ਦੇ ਲੋਕ ਹੀ ਜਾਣਦੇ ਹਨ। ਸਰਕਾਰ ਨੇ ਤਾਂ ਲੋਕਾਂ ਨੂੰ ਇਸ ਬਾਰੇ ਕੀ ਜਾਣੂ ਕਰਵਾਉਣਾ ਸੀ, ਮਜ਼ਦੂਰ ਜਥੇਬੰਦੀਆਂ ਨੇ ਵੀ ਨਹੀਂ ਕਰਵਾਇਆ।[51]

### (ਗ) ਹੋਰ ਮਸਲੇ

ਮਜ਼ਦੂਰ ਬਸਤੀਆਂ ਦੀ ਸਫਾਈ, ਘਰੇਲੂ ਬਿਜਲੀ ਸੰਬੰਧੀ ਦਿੱਕਤਾਂ, ਖੇਤ-ਮਜ਼ਦੂਰਾਂ ਦੇ ਡੀਜ਼ਲ ਕਾਰਡ, ਅਨੁਸੂਚਿਤ ਜਾਤਾਂ ਦੇ ਲੰਬਰਦਾਰਾਂ ਦੀਆਂ ਮੁਸ਼ਕਲਾਂ, ਸਰਕਾਰ ਦੀਆਂ ਅਣਗਹਿਲੀਆਂ ਤੇ ਨੌਕਰਸ਼ਾਹੀ ਦੀਆਂ ਵਧੀਕੀਆਂ ਸੰਬੰਧੀ ਮਸਲੇ ਵੀ ਸਾਹਮਣੇ ਆਏ ਹਨ।

ਕੁਝ ਅਜਿਹੇ ਮਸਲੇ ਵੀ ਹੁੰਦੇ ਹਨ ਜਿਹੜੇ ਮਜ਼ਦੂਰਾਂ ਵਿੱਚ ਆਪ-ਮੁਹਾਰੇ ਪੈਦਾ ਨਹੀਂ ਹੁੰਦੇ, ਬਲਕਿ ਮਜ਼ਦੂਰਾਂ ਦੀ ਜਥੇਬੰਦੀ ਜਿਸ ਪਾਰਟੀ ਨਾਲ ਜੁੜੀ ਹੁੰਦੀ ਹੈ, (ਬਹੁਤਾ ਜਥੇਬੰਦਕ ਕੰਮ ਕਮਿਊਨਿਸਟ ਪਾਰਟੀਆਂ ਹੀ ਕਰਦੀਆਂ ਹਨ) ਉਸ ਦੀ ਵਿਚਾਰਧਾਰਾ ਵਿਚੋਂ ਨਿਕਲਦੇ ਹਨ। ਭਰਾਤਰੀ ਜਥੇਬੰਦੀ ਤੋਂ ਸਹਿਯੋਗ ਲੈਣਾ ਤੇ ਦੇਣਾ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ ਦੀਆਂ ਮੰਗਾਂ ਉਠਾਣੀਆਂ ਆਦਿ ਕੁਝ ਅਜਿਹੇ ਮਸਲਿਆਂ ਦੀਆਂ ਉਦਾਹਰਣਾਂ ਹਨ। ਜਿਵੇਂ ਜਿਵੇਂ ਜਥੇਬੰਦੀ ਦੀ ਲੀਡਰਸ਼ਿਪ ਅਜਿਹੇ ਮਸਲਿਆਂ ਬਾਰੇ ਮਜ਼ਦੂਰਾ ਨੂੰ ਸੂਝ ਦਿੰਦੀ ਰਹਿੰਦੀ ਹੈ, ਇਨ੍ਹਾਂ ਦੀ ਅਹਿਮੀਅਤ ਵਧਦੀ ਜਾਂਦੀ ਹੈ। ਹੌਲੀ ਹੌਲੀ ਇਕ ਅਜਿਹਾ ਪੜਾਅ ਵੀ ਆ ਜਾਂਦਾ ਹੈ ਕਿ ਅਜਿਹੇ ਮਸਲਿਆਂ ਤੇ ਵੱਖਰੇ ਤੌਰ ਤੇ ਘੋਲ ਹੋਣ ਲੱਗ ਪੈਂਦੇ ਹਨ। ਪਰ ਇਸ ਖੇਤਰ ਵਿੱਚ ਖੇਤ ਮਜ਼ਦੂਰ ਲਹਿਰ ਬਹੁਤ ਹੀ ਕਮਜ਼ੋਰ ਹੈ।

**ਸਰਕਾਰ ਵਿਰੁੱਧ ਘੋਲ** : ਜਿਹੜੇ ਕਿ ਮੁੱਖ ਤੌਰ ਤੇ ਆਰਥਿਕ ਮਸਲਿਆਂ ਤੇ ਹੁੰਦੇ ਹਨ, ਨੂੰ ਉਠਾਉਣ ਵਿੱਚ ਹੀ ਨਹੀਂ, ਉਨ੍ਹਾਂ ਤੇ ਘੋਲ ਚਲਾਉਣ ਵਿੱਚ ਵੀ ਮਹੱਤਵਪੂਰਨ ਰੋਲ ਜਥੇਬੰਦੀਆਂ ਦੀ ਲੀਡਰਸ਼ਿਪ ਵਲੋਂ ਹੀ ਅਦਾ ਕੀਤਾ ਜਾਂਦਾ ਹੈ।[52] ਅਜਿਹੇ ਘੋਲ ਕਈ ਰੂਪਾਂ ਵਿੱਚ ਚਲਦੇ ਹਨ। ਸਬ-ਡਵੀਜ਼ਨ, ਜ਼ਿਲਾ ਤੇ ਸੂਬਾ ਪੱਧਰ ਤੇ ਮੁਜ਼ਾਹਰੇ, ਹੜਤਾਲਾਂ, ਧਰਨੇ, ਘਿਰਾਓ, ਮੰਗ-ਪੱਤਰ ਆਦਿ ਪੇਸ਼ ਕੀਤੇ ਜਾਂਦੇ ਹਨ। ਕਈ ਵਾਰੀ ਪੂਰੇ ਦਾ ਪੂਰਾ ਹਫਤਾ 'ਮੰਗ ਹਫਤੇ' ਦੇ ਨਾਂ ਥੱਲੇ ਮਨਾਇਆ ਜਾਂਦਾ ਹੈ। ਇਸ ਮੰਗ ਹਫਤੇ ਦੌਰਾਨ ਵੱਧ ਤੋਂ ਵੱਧ ਪਿੰਡਾਂ ਵਿੱਚ ਸਾਇਕਲਾਂ ਤੇ ਝੰਡਾ ਮਾਰਚ, ਇਸ਼ਤਿਹਾਰ ਵੰਡਣੇ ਤੇ ਲਾਉਣੇ, ਵਿਹੜੇ ਦੇ ਇਕੱਠ ਕਰਨੇ, ਆਦਿ ਕੁਝ ਸਰਗਰਮੀਆਂ ਰਾਹੀਂ ਸੂਝ ਵਧਾਈ ਜਾਂਦੀ ਹੈ। ਮੰਗ ਹਫਤੇ ਦੇ ਅਖੀਰਲੇ ਦਿਨ ਵੱਖ ਵੱਖ ਕੇਂਦਰਾਂ ਤੇ ਵਿਖਾਵੇ ਜਾਂ ਸੂਬਾ-ਪੱਧਰ ਤੇ ਵਿਖਾਵੇ ਦਾ ਪ੍ਰੋਗਰਾਮ ਹੁੰਦਾ ਹੈ। ਡਰਾਮਿਆਂ, ਪਾਰਟੀ ਸਕੂਲਾਂ ਆਦਿ ਰਾਹੀਂ ਵੀ ਸੂਝ-ਪੱਧਰ ਵਧਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਥੇਬੰਦੀਆਂ ਹਰ ਸਾਲ ਸਮਾਗਮ ਕਰ ਕੇ ਆਪਣੇ ਕੰਮਾਂ ਦੀ ਪੜਚੋਲ ਕਰਦੀਆਂ ਹਨ ਅਤੇ ਭਵਿੱਖ ਲਈ, ਉਸ ਪੜਚੋਲ ਤੋਂ ਸਿੱਖਿਆ ਲੈ ਕੇ, ਨਵਾਂ ਪ੍ਰੋਗਰਾਮ ਉਲੀਕਦੀਆਂ ਹਨ। ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਇਹ ਜਥੇਬੰਦੀਆਂ ਆਪਣੀ ਆਪਣੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਵਿੱਚ ਸਰਗਰਮ ਹਿੱਸਾ ਪਾਉਂਦੀਆਂ ਹਨ। ਉਪਰੋਕਤ ਦੱਸੀਆਂ ਜਥੇਬੰਦੀਆਂ ਦੀਆਂ ਸਰਗਰਮੀਆਂ ਵਿੱਚੋਂ ਬਹੁਤੀਆਂ ਸਰਕਾਰ ਵਿਰੁੱਧ ਘੋਲਾਂ ਨਾਲ ਸਿੱਧੇ ਤੌਰ ਤੇ ਸੰਬੰਧਿਤ ਨਹੀਂ ਹਨ, ਪਰ ਇਹ ਸਰਕਾਰ ਵਿਰੁੱਧ ਘੋਲਾਂ ਨੂੰ ਸਫਲ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ।

## 3. ਸਿਆਸੀ ਪਾਰਟੀਆਂ

ਪੰਜਾਬ ਵਿੱਚ ਖੇਤ-ਮਜ਼ਦੂਰਾਂ ਨਾਲ ਸਿੱਧੇ ਜਾਂ ਅਸਿੱਧੇ ਤੌਰ ਤੇ ਸੰਬੰਧ ਰੱਖਣ ਵਾਲੀਆਂ ਵੱਖ ਵੱਖ ਸਿਆਸੀ ਪਾਰਟੀਆਂ ਤੇ ਹੋਰ ਸਿਆਸੀ ਜਥੇਬੰਦੀਆਂ ਨੂੰ ਵਿਚਾਰਧਾਰਾ ਦੇ ਆਧਾਰ ਤੇ ਚਾਰ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ—ਕਮਿਊਨਿਸਟ, ਕਾਂਗਰਸ, ਅਕਾਲੀ ਅਤੇ ਦਲਿਤ

**1. ਕਮਿਊਨਿਸਟ** : ਪੰਜਾਬ ਖੇਤ-ਮਜ਼ਦੂਰ ਸਭਾ, ਪੰਜਾਬ ਦਿਹਾਤੀ ਮਜ਼ਦੂਰ ਸਭਾ, ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ—1, ਪੇਂਡੂ ਮਜ਼ਦੂਰ ਯੂਨੀਅਨ—2, ਖੇਤ-ਮਜ਼ਦੂਰ ਯੂਨੀਅਨ ਦਾ ਕ੍ਰਮਵਾਰ ਸੀ. ਪੀ. ਆਈ., ਸੀ ਪੀ. ਐਮ. ਅਤੇ ਵੱਖ ਵੱਖ ਸੀ. ਪੀ. ਆਈ. (ਐਮ. ਐਲ.) ਗਰੁੱਪਾਂ ਨਾਲ ਸੰਬੰਧ ਰਖਦੀਆਂ ਹਨ।

ਸੀ. ਪੀ. ਆਈ. ਨੂੰ ਛਡ ਕੇ ਬਾਕੀ ਸਾਰੀਆਂ ਕਮਿਊਨਿਸਟ ਪਾਰਟੀਆਂ ਪੇਂਡੂ ਪੰਜਾਬ ਵਿੱਚ ਅਰਧ-ਜਗੀਰੂ ਉਤਪਾਦਨ ਪ੍ਰਣਾਲੀ ਮੰਨਦੀਆਂ ਹਨ, ਭਾਵੇਂ ਸੀ. ਪੀ. ਆਈ. ਦਾ ਇਨ੍ਹਾਂ ਨਾਲੋਂ ਨਾ-ਮਾਤਰ ਫਰਕ ਹੀ ਹੈ। ਸਾਰੀਆਂ ਕੁੱਝ 'ਜਗੀਰਦਾਰਾਂ ਨੂੰ ਛੱਡ ਕੇ ਸਮੁੱਚੀ ਕਿਸਾਨੀ ਅਤੇ ਖੇਤ-ਮਜ਼ਦੂਰਾਂ ਵਿੱਚ ਏਕਤਾ ਚਾਹੁੰਦੀਆਂ ਹਨ। ਸਭ ਜ਼ਮੀਨ ਅਤੇ ਉਸ ਨਾਲ ਸੰਬੰਧਿਤ ਮਸਲਿਆਂ ਨੂੰ ਮੁਢਲੇ ਕਾਰਜ ਸਮਝਦੀਆਂ ਹਨ ਜਿਸ ਨਾਲ ਜ਼ਰੱਈ ਇਨਕਲਾਬ ਸਿਰੇ ਚੜ੍ਹਨਾ ਹੈ ਅਤੇ ਮਜ਼ਦੂਰੀ ਤੇ ਇਸ ਨਾਲ ਸੰਬੰਧਿਤ ਮਸਲਿਆਂ ਨੂੰ ਫੌਰੀ ਮੰਗਾਂ (ਸਿਰਫ ਮਜ਼ਦੂਰਾਂ ਨੂੰ ਜਥੇਬੰਦ ਕਰਨ ਲਈ) ਦੇ ਤੌਰ ਤੇ ਲੈਂਦੀਆਂ ਹਨ। ਸਭ ਅਨੁਸਾਰ ਸਮਾਜਿਕ ਜਬਰ ਦਾ ਮੁੱਖ ਕਾਰਨ ਅਰਧ-ਜਗੀਰੂ ਢਾਂਚਾ ਹੈ[53]। ਸਭ ਤੇ ਕਿਸਾਨੀ ਸੋਚ ਭਾਰੂ ਹੈ ਕਿਉਂਕਿ ਖੇਤ-ਮਜ਼ਦੂਰਾਂ ਨੂੰ ਦੇਰ ਨਾਲ ਜਥੇਬੰਦ ਕੀਤਾ ਤੇ ਕੀਤਾ ਵੀ ਕਿਸਾਨੀ ਨੇ[54]।

ਸਭ ਇਕ ਪਾਸੇ ਖੇਤੀਬਾੜੀ ਜਿਨਸਾਂ ਦੇ ਲਾਹੇਵੰਦ ਭਾਅ ਚਾਹੁੰਦੀਆਂ ਹਨ ਅਤੇ ਦੂਸਰੇ ਪਾਸੇ ਚਾਹੁੰਦੀਆਂ ਹਨ ਕਿ ਰੋਜ਼ਾਨਾ ਵਰਤੋਂ ਵਾਲੀਆਂ ਚੀਜ਼ਾਂ ਅਸਰਦਾਰ ਵੰਡ ਪ੍ਰਣਾਲੀ ਰਾਹੀਂ ਘੱਟ ਕੀਮਤ ਤੇ ਮਿਲਣ[55]। ਖੇਤ-ਮਜ਼ਦੂਰਾਂ ਦਾ ਮੁੱਖ ਸੰਘਰਸ਼ ਅਮੀਰ ਕਿਸਾਨੀ ਵਿਰੁੱਧ ਨਹੀਂ ਬਲਕਿ ਸਰਕਾਰ ਉਲਟ ਸਮਝਦੀਆਂ ਹਨ।

ਘੋਲਾਂ ਸੰਬੰਧੀ ਕਈ ਤਰ੍ਹਾਂ ਦੇ ਵਖਰੇਵੇਂ ਵੀ ਦੇਖਣ ਵਿੱਚ ਆਏ। ਧਨਪਤ ਰਾਏ ਨਾਹਰ, ਜਨਰਲ ਸਕੱਤਰ ਪੰਜਾਬ ਦਿਹਾਤੀ ਮਜ਼ਦੂਰ ਸਭਾ ਨੇ ਇਕ ਇੰਟਰਵਿਊ ਵਿੱਚ ਪੰਜਾਬ ਖੇਤ ਮਜ਼ਦੂਰ ਸਭਾ ਨਾਲ ਤਿੰਨ ਤਰ੍ਹਾਂ ਦੇ ਵਖਰੇਵੇਂ ਦੱਸੇ (ੳ) ਫਰੀਦਕੋਟ ਜ਼ਿਲੇ ਵਿੱਚ ਉਨ੍ਹਾਂ ਦਾ ਪੰਜਾਬ ਖੇਤ-ਮਜ਼ਦੂਰ ਸਭਾ ਨਾਲ ਸਾਂਝਾ ਐਕਸ਼ਨ ਹੋਇਆ ਉਨ੍ਹਾਂ ਦੇ 400000 ਮੈਂਬਰਾਂ ਵਿੱਚੋਂ 40 ਬੰਦੇ ਹੀ ਪਹੁੰਚੇ ਅਤੇ ਦਿਹਾਤੀ ਮਜ਼ਦੂਰ ਸਭਾ ਦੇ 4-5 ਹਜ਼ਾਰ ਵਿੱਚੋਂ 200 ਬੰਦਾ ਪਹੁੰਚਿਆ। ਇਸ ਤੋਂ ਜ਼ਾਹਰ ਹੈ ਕਿ ਜਾਂ ਤਾਂ ਉਨ੍ਹਾਂ ਦੀ ਬੋਗਸ ਮੈਂਬਰਸ਼ਿਪ ਹੈ ਜਾਂ ਫਿਰ ਉਹ ਲੋੜੀਂਦੀ ਸੂਝ ਨਹੀਂ ਦਿੰਦੇ। (ਅ) 1970 ਦੇ ਜ਼ਮੀਨੀ ਘੋਲਾਂ ਵੇਲੇ ਉਨ੍ਹਾਂ ਨੇ ਪਹਿਲਾਂ ਹੀ ਦੱਸ ਦਿੱਤਾ ਕਿ ਉਨ੍ਹਾਂ ਦੇ ਲੀਡਰ ਫਲਾਣੇ ਪਿੰਡ ਵਿਚੋਂ ਲੰਘਦੇ-ਲੰਘਾਉਂਦੇ ਫਲਾਣੇ ਫਾਰਮ ਤੇ ਕਬਜ਼ਾ ਕਰਨਗੇ। ਇਸ ਤਰ੍ਹਾਂ ਉਹ ਆਪਣਾ ਪ੍ਰੋਗ੍ਰਾਮ ਪਹਿਲਾਂ ਹੀ ਖੋਲ੍ਹ ਦਿੰਦੇ ਹਨ ਜਿਸ ਨੂੰ ਸਰਕਾਰ ਸਫਲ ਨਹੀਂ ਹੋਣ ਦਿੰਦੀ। (ੲ) ਉਹ ਬਹੁਤ ਜ਼ਿਆਦਾ ਉਜਰਤਾਂ ਦੀ ਮੰਗ ਕਰਦੇ ਹਨ; ਇਸ ਲਈ ਕਿਸਾਨ ਉਨ੍ਹਾਂ ਨੂੰ ਬੁਰੀ ਨਜ਼ਰ ਨਾਲ ਦੇਖਦੇ ਹਨ।

ਮਾਸਟਰ ਹਰੀ ਸਿੰਘ ਨੇ ਕਿਹਾ ਕਿ ਦੋਨੋਂ ਸਭਾਵਾਂ ਵਿਚ ਬਹੁਤ ਹੀ ਘੱਟ ਫਰਕ ਹੈ। ਸੋ ਸਾਂਝੀ ਲਹਿਰ ਚਲਾਉਣੀ ਚਾਹੀਦੀ ਹੈ। ਇਹ ਗੱਲ ਮਾਸਟਰ ਜੀ ਨੇ ਮੋਗਾ ਸਿਲਵਰ ਜੁਬਲੀ ਸਮਾਗਮ ਸਮੇਂ ਜਰਨਲ ਸਕੱਤਰ ਦੀ ਰਿਪੋਰਟ ਵਿਚ ਦਰਜ ਕਰਵਾਈ। ਬਾਅਦ ਵਿਚ ਦੋਵੇਂ ਸਭਾਵਾਂ ਨੇ ਲੁਧਿਆਣਾ ਵਿਖੇ ਸਾਂਝੀ ਕਨਵੈਨਸ਼ਨ ਕਰਕੇ ਇਕ ਮੰਗ-ਪੱਤਰ ਪੰਜਾਬ ਸਰਕਾਰ ਨੂੰ ਪੇਸ਼ ਕੀਤਾ ਅਤੇ ਅੱਗੇ ਤੋਂ ਸਾਂਝੀ ਲਹਿਰ ਉਸਾਰਨ ਦਾ ਫੈਸਲਾ ਕੀਤਾ[56]।

ਦੂਜੇ ਪਾਸੇ ਸੀ. ਪੀ. ਆਈ. (ਐਮ. ਐਲ.) ਦੇ ਖੇਤ-ਮਜ਼ਦੂਰ ਲੀਡਰਾਂ ਨੇ ਦੋ ਵਖਰੇਵੇਂ ਦੱਸੇ (ੳ) ਦੋਨੋਂ ਸਭਾਵਾਂ ਸਾਂਝੇ ਘੋਲ ਤੋਂ ਪਰੇ ਭੱਜਦੀਆਂ ਹਨ (ਅ) ਉਹ ਮਜ਼ਦੂਰਾਂ ਦੇ ਘਰੇਲੂ ਮਸਲੇ ਵੀ ਹੱਲ ਕਰਦੇ ਹਨ। ਸੀ. ਪੀ. ਆਈ (ਐਮ. ਐਲ.) ਗਰੁੱਪਾਂ ਨਾਲ ਸੰਬੰਧਿਤ ਜਥੇਬੰਦੀਆਂ ਵਿਚ ਇਕ ਗੱਲ ਹੈਰਾਨੀ ਨਾਲ ਨੋਟ ਕੀਤੀ ਗਈ ਕਿ ਉਹ ਅਜਿਹੇ ਮਸਲੇ ਤੇ ਘੋਲ ਕਰਨ ਤੋਂ ਸੀ. ਪੀ. ਆਈ. ਤੇ ਸੀ. ਪੀ. ਐਮ. ਨਾਲ ਸੰਬੰਧਿਤ ਜਥੇਬੰਦੀਆਂ ਦੇ ਮੁਕਾਬਲੇ ਘੱਟ ਝਿਜਕਦੇ ਹਨ, ਜਿਸ ਤੇ ਸਿੱਧੀ ਟੱਕਰ ਜ਼ਿਮੀਂਦਾਰਾਂ ਨਾਲ ਆਉਂਦੀ ਹੈ[57]।

ਇਸ ਤੋਂ ਜ਼ਿਆਦਾ ਹੈਰਾਨੀ ਨਾਲ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸੀ. ਪੀ. ਆਈ. ਤੇ ਸੀ. ਪੀ. ਐਮ. ਦੇ ਮੁਕਾਬਲੇ ਵਿਚ ਸੀ. ਪੀ. ਆਈ. (ਐਮ. ਐਲ.) ਜਗੀਰੂ ਢਾਂਚੇ ਦੀ ਜਕੜ ਜ਼ਿਆਦਾ ਜ਼ੋਰਦਾਰ ਸਮਝਦੀ ਹੈ।

**2. ਕਾਂਗਰਸ** : ਕਾਂਗਰਸ ਦਾ ਖੇਤ-ਮਜ਼ਦੂਰਾਂ ਨਾਲ ਸੰਬੰਧ ਜ਼ਾਤ ਦੇ ਤੌਰ ਤੇ ਪਿਆ[58]। ਅਤੇ ਜਮਾਤ ਦੇ ਤੌਰ ਤੇ ਨਹੀਂ[59]। ਜ਼ਾਤ ਪਾਤ ਹੀ ਇਨ੍ਹਾਂ ਦਾ ਮੁੱਖ ਮਸਲਾ ਸਮਝਿਆ। 1947 ਤੋਂ ਬਾਅਦ ਸਰਕਾਰੀ ਪਾਲਿਸੀ ਦਾ ਮੰਤਵ ਇਸ ਜ਼ਾਤੀ ਸੂਝ ਨੂੰ ਹੋਰ ਪਕੇਰਾ ਕਰਨ ਅਤੇ ਨਾਲੋਂ ਨਾਲ ਜਮਾਤੀ ਟੱਕਰਾਂ ਨੂੰ ਖੁੰਢਾ ਕਰਨਾ ਰਿਹਾ ਹੈ। ਛੂਤ-ਛਾਤ ਤੇ ਵਗਾਰ ਵਿਰੁੱਧ ਕਾਨੂੰਨ ਬਣਾ ਕੇ ਅਤੇ ਰੀਜ਼ਰਵੇਸ਼ਨ ਦੀ ਨੀਤੀ ਅਪਣਾ ਕੇ ਮਜ਼ਦੂਰਾਂ ਤੇ ਖਾਸ ਤਰ੍ਹਾਂ ਦਾ ਪ੍ਰਭਾਵ ਛੱਡਣਾ, ਜ਼ਮੀਨ ਦਾ ਨਾਅਰਾ ਦੇਣਾ ਤੇ ਇਸਨੂੰ ਥੋੜ੍ਹਾ ਬਹੁਤਾ ਲਾਗੂ ਵੀ ਕਰਨਾ, ਪੱਕੇ ਰੁਜ਼ਗਾਰ ਦੇਣ ਵਿਚ ਅਸਫਲ ਹੋਣ ਕਰਕੇ ਖੇਤ ਮਜ਼ਦੂਰਾਂ ਨੂੰ ਕਰਜ਼ੇ ਦੇ ਕੇ ਆਪਣੇ ਆਪ ਵਾਸਤੇ ਆਪ ਰੁਜ਼ਗਾਰ ਪੈਦਾ ਕਰਵਾਉਣ ਦੀ ਕੋਸ਼ਿਸ਼ ਕਰਨਾ, ਘੱਟ ਤੋਂ ਘੱਟ ਮਜ਼ਦੂਰੀ ਬੰਨ੍ਹਣਾ; ਜੋ ਬੰਨ੍ਹੀ ਹੈ ਉਹਨੂੰ ਵੀ ਲਾਗੂ ਨਾ ਕਰਨਾ, ਹਰੀਜਨ ਬਸਤੀਆਂ ਦੇ ਸੁਧਾਰ ਲਈ ਵੱਖਰਾ ਪ੍ਰੋਗ੍ਰਾਮ ਬਣਾਉਣਾ, ਅੱਡ ਮਜ਼ਦੂਰ ਬਸਤੀਆਂ ਤੇ ਅੱਡ ਧਰਮਸਾਲਾਵਾਂ ਬਣਾਉਣੀਆਂ ਅਤੇ ਹੋਰ ਸਿੱਧੀਆਂ ਸਰਕਾਰੀ ਸਹੂਲਤਾਂ ਦੇਣੀਆਂ ਆਦਿ ਅਜਿਹੀਆਂ ਕੁਝ ਉਦਾਹਰਣਾਂ ਹਨ। ਨੌਕਰਸ਼ਾਹੀ ਸਰਕਾਰ ਦੇ ਇਸ ਪ੍ਰੋਗ੍ਰਾਮ ਨੂੰ ਲਾਗੂ ਕਰਨ ਵਿਚ ਤਕੜਾ ਰੋੜਾ ਰਹੀ ਹੈ। ਇਸ ਲਈ ਕਾਂਗਰਸ ਨੇ ਜ਼ਾਤ ਦੇ ਆਧਾਰ ਤੇ ਹਰੀਜਨ ਸੈੱਲ ਬਣਾਏ ਹੋਏ ਹਨ[60] ਜਿਨ੍ਹਾਂ ਦਾ ਮੁੱਖ ਮੰਤਵ ਇਸ ਪ੍ਰੋਗ੍ਰਾਮ ਨੂੰ ਲਾਗੂ ਕਰਵਾਉਣਾ ਹੈ।[61]

**3. ਅਕਾਲੀ**[62] : ਸ਼੍ਰੋਮਣੀ ਅਕਾਲੀ ਦਲ ਦੀ ਹਮੇਸ਼ਾਂ ਇਹ ਕੋਸ਼ਿਸ਼ ਰਹੀ ਹੈ ਕਿ ਖੇਤ-ਮਜ਼ਦੂਰਾਂ ਤੇ ਕਿਸਾਨਾਂ ਵਿਚ ਏਕਤਾ ਬਣੀ ਰਹੇ। ਇਸ ਲਈ ਦਲ ਵੀ ਕਾਂਗਰਸ ਦੀ ਤਰ੍ਹਾਂ ਜਮਾਤੀ ਟੱਕਰਾਂ ਤੋਂ ਪਰੇ ਭੱਜਦਾ ਹੈ ਅਤੇ ਖੇਤ-ਮਜ਼ਦੂਰਾਂ ਨਾਲ ਜਾਤੀ ਸੰਬੰਧ ਕਾਇਮ ਕਰਨ ਦੀ ਕੋਸ਼ਿਸ਼ ਕਰਦਾ ਹੈ।

ਦਲ ਅਨੁਸਾਰ ਖੇਤ-ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਹੱਲ ਉਨ੍ਹਾਂ ਨੂੰ ਜ਼ਮੀਨ ਦੇ ਕੇ ਨਹੀਂ ਬਲਕਿ ਸੂਬੇ ਦੀ ਉਦਯੋਗਿਕ ਤਰੱਕੀ ਦੁਆਰਾ ਪੱਕੇ ਰੁਜ਼ਗਾਰ ਪੈਦਾ ਕਰਕੇ ਹੀ ਹੋ ਸਕਦਾ ਹੈ। ਸੂਬੇ ਦੀ ਉਦਯੋਗਿਕ ਤਰੱਕੀ ਪੰਜਾਬ ਨੂੰ ਮਿਲੀ ਖੁਦ-ਮੁਖਤਿਆਰੀ ਤੇ ਨਿਰਭਰ

ਕਰਦੀ ਹੈ। ਇਸ ਲਈ ਦਲ ਅਨੁਸਾਰ ਖੇਤ-ਮਜ਼ਦੂਰਾਂ ਨੂੰ ਕੇਂਦਰ ਦੇ ਖਿਲਾਫ ਇਸ ਵਲੋਂ ਚਲਾਏ ਗਏ 'ਧਰਮ-ਯੁੱਧ' ਵਿਚ ਸ਼ਾਮਲ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅਕਾਲੀ ਦਲ ਖੇਤ-ਮਜ਼ਦੂਰਾਂ ਦੇ ਉਨ੍ਹਾਂ ਮਸਲਿਆਂ ਦੀ ਡੱਟ ਕੇ ਹਮਾਇਤ ਕਰਦਾ ਹੈ ਜਿਨ੍ਹਾਂ ਦਾ ਸਿੱਧਾ ਸੰਬੰਧ ਸਰਕਾਰ ਨਾਲ ਹੈ। ਦਲ ਲੀਡਰ ਕਿਸਾਨਾਂ ਨੂੰ ਵੀ ਨਸੀਹਤ ਦਿੰਦੇ ਹਨ ਕਿ ਜੇ ਉਹ ਖੇਤ ਮਜ਼ਦੂਰਾਂ ਦੀ 5 ਪੈਸੇ ਮੱਦਦ ਕਰਦੇ ਹਨ ਤਾਂ ਮਜ਼ਦੂਰ ਉਨ੍ਹਾਂ ਦੀ ਜਵਾਬੀ ਮਦਦ 10 ਪੈਸੇ ਕਰਦੇ ਹਨ।

ਦਲ ਅਨੁਸਾਰ ਉਹ ਹੀ ਖੇਤ-ਮਜ਼ਦੂਰਾਂ ਨੂੰ ਸਮਾਜਕ ਤੌਰ ਤੇ ਉੱਚਾ ਚੁੱਕ ਸਕਦੇ ਹਨ ਕਿਉਂਕਿ ਸਿਖ ਧਰਮ ਜ਼ਾਤਪਾਤ ਦੇ ਉਲਟ ਹੈ[63]। ਉਨ੍ਹਾਂ ਅਨੁਸਾਰ ਇਹੀ ਕਾਰਨ ਹੈ ਕਿ ਪੰਜਾਬ ਵਿਚ ਸਿਖ ਧਰਮ ਦਾ ਅਸਰ ਹੋਣ ਕਾਰਨ ਦੂਸਰੇ ਸੂਬਿਆਂ ਦੇ ਮੁਕਾਬਲੇ ਵਿੱਚ ਹਰੀਜਨਾਂ ਤੇ ਘੱਟ ਵਧੀਕੀਆਂ ਹੋਈਆਂ ਹਨ। ਦਲ ਨੇ ਮਜ਼ਦੂਰਾਂ ਵਿੱਚ ਪ੍ਰਚਾਰ ਕਰਨ ਲਈ 'ਪਛੜੀ ਜਾਤੀ ਕਲਿਆਣ ਕਮੇਟੀ' ਬਣਾਈ ਹੈ[64]। ਇਸ ਤੋਂ ਇਲਾਵਾ ਦਲ ਅਨੁਸੂਚਿਤ ਜਾਤਾਂ ਵਾਸਤੇ ਧਰਮ ਪ੍ਰਚਾਰ ਸੈੱਲ ਸਥਾਪਿਤ ਕਰਨ ਦਾ ਵਿਚਾਰ ਰਖਦਾ ਹੈ।

**4. ਦਲਿਤ :—** ਇਸ ਵਿਚਾਰਧਾਰਾ ਨਾਲ ਸੰਬੰਧ ਰੱਖਣ ਵਾਲੀ ਇਕ ਪਾਰਟੀ ਤੇ ਚਾਰ ਜਥੇਬੰਦੀਆਂ ਨੋਟਿਸ ਵਿੱਚ ਆਈਆਂ ਹਨ ਜਿਨ੍ਹਾਂ ਦੇ ਨਾਂ ਪੰਜਾਬ ਰੀਪਬਲੀਕਲ ਪਾਰਟੀ, ਦਲਿਤ ਘੋਸ਼ਿਤ ਸਮਾਜ ਸੰਘਰਸ਼ ਸਮਿਤੀ, ਪੰਜਾਬ ਬਾਲਮੀਕ ਸਭਾ, ਹਰੀਜਨ ਸੁਧਾਰ ਸਭਾ ਅਤੇ ਹਰੀਜਨ ਸਮਾਜ ਸੁਧਾਰ ਸਭਾ।

ਭਾਰਤ ਦੀ ਤਰ੍ਹਾਂ ਪੰਜਾਬ ਵਿੱਚ ਵੀ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਦਲਿਤ ਵਿਚਾਰਧਾਰਾ 'ਤੇ ਆਧਾਰਿਤ ਲਹਿਰ ਉੱਠੀ। ਪੰਜਾਬ ਵਿੱਚ ਇਹ ਆਦਿ ਧਰਮ ਦੇ ਨਾਂ ਥੱਲੇ ਉੱਠੀ। ਇਸ ਲਹਿਰ ਦੇ ਬਾਨੀਆਂ ਵਿੱਚ ਕਈ ਸਾਂਝੀਆਂ ਵਿਸ਼ੇਸ਼ਤਾਵਾਂ ਸਨ। ਸਾਰੇ ਮੋਢੀ ਲੀਡਰ ਆਰਥਕ ਪੱਖੋਂ ਮੁਕਾਬਲਤਨ ਨਿੱਗਰ ਸਨ ਅਤੇ ਪੜ੍ਹੇ ਲਿਖੇ ਸਨ। ਇਸ ਲਈ ਕੁਦਰਤੀ ਸੀ ਕਿ ਉਹ ਖੇਤ-ਮਜ਼ਦੂਰਾਂ ਤੋਂ ਵੱਖਰੀ ਜਮਾਤ ਨਾਲ ਸੰਬੰਧ ਰਖਦੇ ਸਨ। ਸਾਰੇ ਮੁਢਲੇ ਲੀਡਰ ਜਲੰਧਰ ਦੁਆਬੇ ਦੇ ਇਲਾਕੇ ਨਾਲ ਸੰਬੰਧ ਰਖਦੇ ਸਨ ਜਿਹੜਾ ਇਲਾਕਾ ਪੰਜਾਬ ਦੇ ਹੋਰ ਇਲਾਕਿਆਂ ਨਾਲੋਂ ਕਈ ਪੱਖੋਂ ਅਗਾਂਹ ਵਧੂ ਸੀ। ਬਹੁਤੇ ਲੀਡਰ ਆਰੀਆ ਸਮਾਜ ਨਾਲ ਸੰਬੰਧਤ ਸਨ। ਪੰਜਾਬ ਦੀ ਇਸ ਮੁਢਲੀ ਲਹਿਰ ਦੀਆਂ ਭਾਰਤ ਦੀਆਂ ਅਜਿਹੀਆਂ ਮੁਢਲੀਆਂ ਲਹਿਰਾਂ ਨਾਲ ਕਈ ਸਾਂਝੀਆਂ ਵਿਸ਼ੇਸ਼ਤਾਵਾਂ ਸਨ। ਇਨ੍ਹਾਂ ਲਹਿਰਾਂ ਨੂੰ ਉਭਾਰਨ ਦਾ ਵੱਡਾ ਕਾਰਨ ਬੁਰਜੂਆ ਚੋਣ ਰਾਜਨੀਤੀ ਦਾ ਸ਼ੁਰੂ ਹੋਣਾ ਸੀ ਕਿਉਂਕਿ ਹਰ ਧਾਰਮਿਕ ਤੇ ਜਾਤੀ ਫਿਰਕਾ ਆਪਣੇ ਵਾਸਤੇ ਸੀਟਾਂ ਰੀਜ਼ਰਵ ਕਰਾਉਣ ਦੀ ਕੋਸ਼ਿਸ਼ ਕਰਨ ਲੱਗ ਪਿਆ ਸੀ। ਇਹ ਲਹਿਰ ਪੰਜਾਬ ਵਿੱਚ ਹਿੰਦੂ ਧਰਮ ਦੇ ਨੁਮਾਇੰਦੇ ਆਰੀਆ ਸਮਾਜ ਦੇ ਵਿਰੁੱਧ ਸੀ। ਇਹ ਲਹਿਰ ਆਪਣੇ ਧਰਮ ਨੂੰ ਮੌਲਿਕ ਧਰਮ ਦਾ ਦਾਅਵਾ ਕਰ ਕੇ ਜਾਂ ਧਰਮ ਬਦਲੀ ਰਾਹੀਂ ਆਪਣੀ ਬਿਰਾਦਰੀ ਦੀਆਂ ਸਮਾਜਿਕ ਸਮੱਸਿਆਵਾਂ ਹੱਲ ਕਰਨ ਦੀ ਕੋਸ਼ਿਸ਼ ਕਰਦਾ ਸੀ ਪੰਜਾਬ ਦੀ ਲਹਿਰ ਦੇ ਭਾਰਤ ਦੀਆਂ ਵੱਖ ਵੱਖ ਅਜਿਹੀਆਂ ਲਹਿਰਾਂ ਤੋਂ ਵਖਰੇਵੇਂ ਵੀ ਸਨ। ਫਿਰਕੂ ਰਾਜਨੀਤੀ, ਆਰੀਆ ਸਮਾਜ ਤੇ ਈਸਾਈ ਲਹਿਰ, ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੇ ਸੁਤੰਤਰ ਸਮਾਜਕ ਇਤਿਹਾਸ ਤੇ ਮਾਂਗੂ ਰਾਮ ਦੀ ਮਹੱਤਵ-ਪੂਰਣ ਅਗਵਾਈ ਨੇ 'ਆਦਿ ਧਰਮ' ਨੂੰ ਵਧੇਰੇ ਖਾੜਕੂ ਤੇ ਖੁਦਮੁਖਤਾਰ ਬਣਾ ਦਿੱਤਾ[65]।

ਇਸ ਵਿਚਾਰਧਾਰਾ ਨਾਲ ਸੰਬੰਧਤ ਲਹਿਰ ਵਿੱਚ ਅਜੋਕੇ ਸਮੇਂ ਵਿੱਚ ਕਈ ਤਬਦੀਲੀਆਂ ਆਈਆਂ ਜਿਨ੍ਹਾਂ ਦਾ ਪੰਜਾਬ ਵਿਚਲੀਆਂ ਜਥੇਬੰਦੀਆਂ ਤੇ ਕੋਈ ਖਾਸ ਅਸਰ ਪਿਆ ਨਜ਼ਰ ਨਹੀਂ ਆਉਂਦਾ। ਗਾਂਧੀ ਨੇ ਇਨ੍ਹਾਂ ਦੱਬੇ ਕੁਚਲੇ ਲੋਕਾਂ ਦਾ ਜਾਤਪਾਤ ਦਾ ਮਸਲਾ ਹਿੰਦੂ ਧਰਮ ਵਿੱਚ ਹੀ ਰਹਿ ਕੇ ਸੁਧਾਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਅੰਬੇਦਕਰ ਨੇ ਧਰਮ ਬਦਲੀ ਰਾਹੀਂ ਅਤੇ ਇਸੇ ਹੀ ਢਾਂਚੇ ਵਿੱਚ ਵੱਖ ਤਰੀਕਿਆਂ ਰਾਹੀਂ ਇਨ੍ਹਾਂ ਦੀ ਜੂਨ ਸੁਧਾਰਨ ਦੀ ਕੋਸ਼ਿਸ਼ ਕੀਤੀ। ਲਗਭਗ ਇਸੇ ਤਰ੍ਹਾਂ ਦਾ ਰੋਲ ਰੀਪਬਲੀਕਨ ਪਾਰਟੀ ਦੇ ਵੱਖ ਵੱਖ ਗਰੁੱਪ ਹੁਣ ਅਦਾ ਕਰ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਅਜਿਹੀਆਂ ਜਥੇਬੰਦੀਆਂ ਉਭਰ ਕੇ ਆ ਰਹੀਆਂ ਹਨ[66] ਜਿਹੜੀਆ ਦਲਿਤ ਲੋਕਾ ਦੀਆਂ ਸਮੱਸਿਆਵਾਂ ਦਾ ਹੱਲ ਇਸ ਢਾਂਚੇ ਨੂੰ ਜੜੋਂ ਬਦਲਣ ਵਿੱਚ ਹੀ ਸਮਝਦੀਆਂ ਹਨ[67]। ਇਨ੍ਹਾਂ 'ਚੋਂ ਬਹੁਤੀਆਂ ਜਥੇਬੰਦੀਆਂ ਨੇ ਜਾਤੀ ਘੇਰੇ ਤੋਂ ਬਾਹਰ ਦੁਸ਼ਮਣ ਤੇ ਦੋਸਤਾਂ ਦੀ ਪਛਾਣ ਸ਼ੁਰੂ ਕਰ ਦਿੱਤੀ ਹੈ। ਕਈਆਂ ਨੇ ਤਾਂ ਸਾਰੀਆਂ ਘੱਟ ਗਿਣਤੀਆਂ ਨੂੰ ਇਕੱਠੇ ਕਰਨ ਦਾ ਬੀੜਾ ਚੁੱਕ ਲਿਆ ਹੈ[68]। ਭਾਵੇਂ ਕਈ ਅਨੁਸੂਚਿਤ ਜਾਤਾਂ ਵਿੱਚ ਵੀ ਅਮੀਰ ਗਰੀਬ ਦੀ ਪਛਾਣ ਕਰਦੇ ਹਨ, ਪਰ ਇਹ ਉਨ੍ਹਾਂ ਦੀ ਮੁਢਲੀ ਵਿਚਾਰਧਾਰਕ ਪਹੁੰਚ ਨੂੰ ਨਹੀਂ ਬਦਲਦੀ।

ਪੰਜਾਬ ਵਿੱਚ ਦਲਿਤ ਵਿਚਾਰਧਾਰਾ ਨਾਲ ਸੰਬੰਧਿਤ ਰੀਪਬਲੀਕਨ ਪਾਰਟੀ ਦੀਆਂ ਲਗਭਗ ਸਾਰੀਆਂ ਮੰਗਾਂ ਅਨੁਸੂਚਿਤ ਜਾਤਾਂ ਨਾਲ ਸੰਬੰਧਿਤ ਹਨ ਅਤੇ ਸਰਕਾਰੀ ਸਹੂਲਤਾਂ ਲੈਣ ਵਾਸਤੇ ਹਨ[69]। ਇਸੇ ਤਰ੍ਹਾਂ ਦੀਆਂ ਬਾਕੀ ਦੀਆਂ ਜਥੇਬੰਦੀਆਂ ਹਨ ਜਿਵੇਂ ਕਿ

ਉਨ੍ਹਾਂ ਦੇ ਨਾਵਾਂ ਤੋਂ ਸਪੱਸ਼ਟ ਹੈ। ਇਨ੍ਹਾਂ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਬੁਲਾਉਣ ਵਾਲੇ ਜਾਂ ਮਦਦ ਦੇਣ ਵਾਲੇ ਆਪਣੀ ਜ਼ਾਤ ਬਿਰਾਦਰੀ ਦੇ ਉਹ ਮੈਂਬਰ ਹੁੰਦੇ ਹਨ ਜਿਹੜੇ ਤਰੱਕੀ ਦੀ ਦੌੜ ਵਿੱਚ ਅੱਗੇ ਲੰਘ ਗਏ ਹੁੰਦੇ ਹਨ।[70]

### 4. ਸਿੱਟਿਆਂ ਸੰਬੰਧੀ ਕੁਝ ਟਿੱਪਣੀਆਂ

ਪੇਂਡੂ ਪੰਜਾਬ ਵਿੱਚ ਵੱਖ ਵੱਖ ਤਰ੍ਹਾਂ ਦੀ ਮਜ਼ਦੂਰੀ ਦੇ ਵੱਖ ਵੱਖ ਤਰ੍ਹਾਂ ਦੇ ਕਿਸਾਨਾਂ ਦੀਆਂ ਪੈਦਾਵਾਰੀ ਹਾਲਤਾਂ ਵਿੱਚ ਰੋਲ ਬਾਰੇ ਸਰਬਪੱਖੀ ਤੇ ਤਸੱਲੀਬਖਸ਼ ਅਧਿਐਨ ਦੀ ਘਾਟ ਕਾਰਨ, ਇਸ ਅਧਿਐਨ ਦੇ ਸਿੱਟਿਆਂ ਸੰਬੰਧੀ ਬਹੁਤ ਕੁਝ ਕਿਹਾ ਨਹੀਂ ਜਾ ਸਕਦਾ। ਇਸ ਲਈ ਸੀਮਤ ਮੌਜੂਦਾ ਸਾਮਗਰੀ ਦੇ ਆਧਾਰ ਤੇ ਹੀ ਕੁਝ ਟਿੱਪਣੀਆਂ ਕੀਤੀਆਂ ਗਈਆਂ ਹਨ।

**ਮਸਲੇ ਤੇ ਘੋਲ** : ਖੇਤ ਮਜ਼ਦੂਰਾਂ ਦੇ ਮਸਲੇ ਤੇ ਘੋਲਾਂ ਤੋਂ ਕਿਸ ਤਰ੍ਹਾਂ ਦੇ ਢਾਂਚੇ ਦੀ ਝਲਕ ਪੈਂਦੀ ਹੈ ? ਲਗਭਗ ਸਾਰੇ ਘੋਲ ਮਜ਼ਦੂਰੀ ਤੇ ਇਸ ਨਾਲ ਸੰਬੰਧਤ ਮਸਲਿਆਂ 'ਤੇ ਹੋਏ ਹਨ। ਖ਼ਾਸ ਤੌਰ ਤੇ ਪਿੰਡ ਵਿਚਲੇ ਘੋਲਾਂ ਨੂੰ ਸ਼ੁਰੂ ਕਰਨ ਵਿੱਚ ਮੁੱਖ ਰੋਲ ਆਮ ਮਜ਼ਦੂਰ ਦਾ ਹੀ ਰਿਹਾ ਹੈ। ਅਜਿਹੇ ਮਸਲੇ ਤੇ ਘੋਲ ਸਰਮਾਏਦਾਰੀ ਢਾਂਚੇ ਦੀ ਮੁਢਲੀ ਵਿਸ਼ੇਸ਼ਤਾ ਹੁੰਦੇ ਹਨ। ਕੁਝ ਮਸਲਿਆਂ ਬਾਰੇ ਗ਼ਲਤ-ਫਹਿਮੀਆਂ ਵੀ ਹਨ। ਪਹਿਲਾਂ ਵਾਹੀ ਵਾਲੀ ਜ਼ਮੀਨ ਲਓ। ਇਸ ਮਸਲੇ ਦੇ ਦੋ ਪੱਖ ਹਨ (1) ਜ਼ਮੀਨ ਲੈਣ ਵਾਸਤੇ ਘੋਲ (2) ਮਿਲੀ ਜ਼ਮੀਨ ਨੂੰ ਕਾਇਮ ਰੱਖਣ ਲਈ ਘੋਲ। ਸਾਰਣੀ 2. ੳ ਦਾ ਮਸਲਾ ਤੇ ਘੋਲ ਦੂਜੀ ਤਰ੍ਹਾਂ ਦੇ ਹਨ। ਇਹ ਪੇਸ਼ ਕਰਦੀ ਹੈ ਜ਼ਮੀਨ ਦੇ ਮਸਲੇ ਦੀ ਸਰਮਾਏਦਾਰੀ ਢਾਂਚੇ ਵਿੱਚ ਅਸਲੀ ਤਸਵੀਰ। ਹੁਣ ਲਓ ਜਬਰ ਦਾ ਮਸਲਾ। ਜ਼ਿਮੀਂਦਾਰਾਂ ਵਲੋਂ ਜਬਰ ਦਾ ਮੁੱਖ ਕਾਰਨ ਸਰਮਾਏਦਾਰੀ ਢਾਂਚੇ ਵਿੱਚ ਪੈਦਾ ਹੋਇਆ ਖੇਤ ਮਜ਼ਦੂਰਾਂ ਦਾ ਉਨ੍ਹਾਂ ਵੱਲ ਦਾਅਵੇ ਤੇ ਬਰਾਬਰੀ ਵਾਲਾ ਵਤੀਰਾ ਹੈ ਨਾਂ ਕਿ ਜਗੀਰੂ ਢਾਂਚਾ। ਬਾਕੀ ਰਿਹਾ ਕਰਜ਼ੇ ਦਾ ਮਸਲਾ। ਮਜ਼ਦੂਰ ਨੂੰ ਸਾਲ ਵਿੱਚ ਅੱਧ-ਪਚੱਧਾ ਸਮਾਂ ਖੇਤੀਬਾੜੀ ਵਿੱਚ ਰੁਜ਼ਗਾਰ ਮਿਲਦਾ ਹੈ ਜਿਸ ਨਾਲ ਠੀਕ ਠੀਕ ਗੁਜ਼ਾਰਾ ਵੀ ਨਹੀਂ ਚੱਲ ਸਕਦਾ। ਜੇ ਕਦੇ ਇਕ ਦਮ ਕਿਸੇ ਕੰਮ ਵਾਸਤੇ ਪੈਸੇ ਦੀ ਲੋੜ ਪੈ ਜਾਵੇ ਤਾਂ ਮਜ਼ਦੂਰ ਸੀਰੀ/ਨੌਕਰ ਲੱਗੇਗਾ ਜਾਂ ਫੇਰ ਸਰਕਾਰ ਤੋਂ ਕਰਜ਼ਾ ਲਵੇਗਾ। ਮਜ਼ਦੂਰ ਵਿਚਲੇ ਸਮੇਂ ਵਿੱਚ ਮੱਝ ਜਾਂ ਹੋਰ ਕੰਮ ਕਰਨ ਦੀ ਵੀ ਕੋਸ਼ਿਸ਼ ਕਰਦਾ ਹੈ, ਜਿਹੜਾ ਕਿ ਬੈਂਕ ਤੋਂ ਕਰਜ਼ੇ ਰਾਹੀਂ ਹੀ ਸ਼ੁਰੂ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਮਜ਼ਦੂਰ ਬੈਂਕ-ਕਰਜ਼ਾ ਇਸ ਲਈ ਵੀ ਪਸੰਦ ਕਰਦੇ ਹਨ ਕਿਉਂਕਿ ਇਸ ਵਾਸਤੇ ਕਿਸੇ ਦੀ ਅਧੀਨਗੀ ਵਿੱਚ ਰਹਿ ਕੇ ਕੰਮ ਨਹੀ ਕਰਨਾ ਪੈਂਦਾ ਕਿਤੇ ਘੱਟ ਵਿਆਜ ਦੇਣਾ ਪੈਂਦਾ ਹੈ ਅਤੇ ਜੇ ਕਰਜ਼ਾ ਹੋਰ ਲਟਕ ਜਾਵੇ ਤਾਂ ਵਿਆਜ ਘੱਟ ਹੋਣ ਕਰ ਕੇ ਮੁਕਾਬਲਤਨ ਭਾਰ ਘੱਟ ਪੈਂਦਾ ਹੈ। ਸਰਕਾਰ ਕਰਜ਼ੇ ਦੇਣ ਲਈ ਇਸ ਕਰਕੇ ਤੁਤਪਰ ਰਹਿੰਦੀ ਹੈ ਕਿਉਂਕਿ ਅਮੀਰਾਂ ਗਰੀਬਾਂ ਵਿੱਚ ਜ਼ਿਆਦਾ ਪਾੜਾ ਉਸ ਦੇ ਸਰਮਾਏਦਾਰੀ ਢਾਂਚੇ ਲਈ ਛੇਤੀ ਖਤਰਾ ਬਣ ਸਕਦਾ ਹੈ। ਕਰਜ਼ਾ ਡੁਬਦੇ ਨੂੰ ਤਿਣਕੇ ਦੇ ਸਹਾਰੇ ਦਾ ਹੀ ਕੰਮ ਕਰਦਾ ਹੈ। ਇਹ ਖ਼ੇਤ-ਮਜ਼ਦੂਰੀ ਦਾ ਬਦਲ ਨਹੀਂ ਬਣਦਾ। ਬਾਕੀ ਸਾਰਣੀ 2.ਘ ਤੇ ਸਾਰਣੀ—5 ਬਾਰੇ ਲੋੜੀਂਦੀ ਸੂਚਨਾ ਨਾ ਮਿਲਣ ਕਾਰਨ, ਇਨ੍ਹਾਂ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਇਸ ਤਰ੍ਹਾਂ ਉਪਰੋਕਤ ਲਗਭਗ ਸਾਰੇ ਮਸਲੇ ਤੇ ਘੋਲ ਸਰਮਾਏਦਾਰੀ ਹਾਲਤਾਂ ਦੀ ਪੈਦਾਵਾਰ ਹਨ।

**ਜਮਾਤ ਤੇ ਜ਼ਾਤ** : ਇਤਿਹਾਸਕ ਤੌਰ ਤੇ ਜ਼ਾਤ ਪਾਤ ਲੁਟੇਰੀਆਂ ਜਮਾਤਾਂ ਨੇ ਆਪਣੇ ਲੋਟੂ ਢਾਂਚੇ ਨੂੰ ਪਕੇਰਾ ਕਰਨ ਲਈ ਇਕ ਸੰਦ ਦੇ ਤੌਰ 'ਤੇ ਬਣਾਈ। ਇਸ ਸਮੇਂ ਖੇਤ ਮਜ਼ਦੂਰਾਂ ਵਿੱਚ ਇਕ ਪਾਸੇ ਜ਼ਾਤੀ ਸੂਝ ਭਾਰੂ ਦੱਸੀ ਜਾਂਦੀ ਹੈ,[71] ਦੂਸਰੇ ਪਾਸੇ ਉਨ੍ਹਾਂ ਦੇ ਮਸਲੇ ਤੇ ਘੋਲ ਜਮਾਤੀ ਪੱਖ ਨੂੰ ਉਘਾੜ ਕੇ ਪੇਸ਼ ਕਰਦੇ ਹਨ। ਇਨ੍ਹਾਂ ਦੋ ਵਿਰੋਧੀ ਗੱਲਾਂ ਦਾ ਕਿਵੇਂ ਸੰਸ਼ਲੇਸ਼ਣ ਕੀਤਾ ਜਾ ਸਕਦਾ ਹੈ ? ਸਰਮਾਏਦਾਰ ਪੈਦਾਵਾਰੀ ਰਿਸ਼ਤੇ ਭਾਰੂ ਹੋਣ ਨਾਲ ਜ਼ਾਤਪਾਤ ਦੀਆਂ ਪੁਰਾਣੀਆਂ ਰੋਕਾਂ ਢਿੱਲੀਆਂ ਪੈ ਗਈਆਂ ਹਨ। ਪਰ ਇਕ ਹੋਰ ਪੱਖ ਉਭਰ ਕੇ ਸਾਹਮਣੇ ਆਇਆ ਹੈ। ਹੁਣ ਸਰਮਾਏਦਾਰ ਜਮਾਤਾਂ ਹਰ ਪੱਧਰ ਤੇ ਜ਼ਾਤਪਾਤ ਨੂੰ ਆਪਣੇ ਹਿਤਾਂ ਵਾਸਤੇ ਵਰਤਣ ਲੱਗ ਪਈਆਂ ਹਨ[72]। ਇਸ ਲਈ, ਇਕ ਪਾਸੇ ਕਮਿਊਨਿਸਟ ਪਾਰਟੀਆਂ, ਜਿਹੜੀਆਂ ਜਮਾਤੀ ਸੰਘਰਸ਼ ਵਾਸਤੇ ਪੱਕੇ ਹਾਲਾਤ ਨੂੰ ਵਰਤ ਸਕਦੀਆਂ ਹਨ ਤੇ ਜ਼ਾਤਪਾਤ ਵਿਰੁੱਧ ਵਿਚਾਰਧਾਰਕ ਸੰਘਰਸ਼ ਚਲਾ ਸਕਦੀਆਂ ਹਨ ਅਤੇ ਦੂਸਰੇ ਪਾਸੇ ਸਰਮਾਏਦਾਰੀ ਪਾਰਟੀਆਂ ਜਿਹੜੀਆਂ ਜ਼ਾਤਪਾਤ ਨੂੰ ਆਪਣੇ ਹਿਤਾਂ ਵਾਸਤੇ ਜਾਰੀ ਰੱਖਣਾ ਚਾਹੁੰਦੀਆਂ ਹਨ, ਦੇ ਵਿਚਾਲੇ ਟੱਕਰ ਹੋਣੀ ਚਾਹੀਦੀ ਹੈ, ਪਰ ਹੋ ਨਹੀਂ ਰਹੀ। ਇਸ ਦੇ ਉਲਟ ਦੋਵਾਂ ਵਿਚਾਲੇ ਕਿਸੇ ਨਾ ਕਿਸੇ ਬਹਾਨੇ ਸਾਂਝ ਜਾਰੀ ਹੈ।[73] ਇਸ ਲਈ ਕਮਿਊਨਿਸਟ ਪਾਰਟੀਆਂ ਅਜਿਹੇ ਸੰਘਰਸ਼ ਕਰਨ ਤੋਂ ਝਿਜਕਦੀਆਂ ਹਨ[74]। ਪਿੰਡ ਪੱਧਰ ਤੇ ਹੋ ਰਿਹਾ 'ਜੱਟਾਂ' ਤੇ 'ਹਰੀਜਨਾਂ' ਵਿਚਾਲੇ ਸੰਘਰਸ਼ ਦਾ ਸਮਝੌਤਾ ਤਾਂ ਕਰਾ ਦਿੰਦੀਆਂ ਹਨ ਪਰ ਇਸ ਦਾ ਪਿੰਡ ਪੱਧਰ ਤੇ ਅਗਾਂਹ-ਵਧੂ ਬਦਲ ਪੇਸ਼ ਨਹੀਂ ਕਰ ਸਕਦੀਆਂ। ਸਾਰਾ ਜ਼ੋਰ ਖੇਤ-ਮਜ਼ਦੂਰਾਂ ਨੂੰ ਸਰਕਾਰ ਤੋਂ ਸਹੂਲਤਾਂ ਦਿਵਾਉਣ ਵਿੱਚ ਲਾ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਜਮਾਤੀ ਸੰਘਰਸ਼ ਵਾਸਤੇ ਪੱਕੇ ਹਾਲਾਤ ਦੇ ਬਾਵਜੂਦ ਜ਼ਾਤੀ ਸੂਝ

| | ਸਾਰਣੀ-1 | | | | | ਸਾਰਣੀ-2 | | | | | | | | |
|---|---|---|---|---|---|---|---|---|---|---|---|---|---|---|
| | ਮਜ਼ਦੂਰੀ ਸਬੰਧੀ | | | | | ਜ਼ਮੀਨ ਸਬੰਧੀ | | | | | | | | |
| | ਵਕਤੀ ਮਜ਼ਦੂਰੀ | | | | ਸਾਲਾਨਾ ਮਜ਼ਦੂਰੀ | ਵਾਹੀ ਯੋਗ | ਨਿਜੀ ਥਾਵਾਂ | | ਸਾਂਝੀਆਂ ਥਾਵਾਂ | | | | | |
| | ੳ | ਅ | ੲ | ਸ | ਹ | ੳ | ਅ | ੲ | ਸ | ਹ | ਕ | ਖ | ਗ | ਘ |
| ਜ਼ਿਲ੍ਹੇ | ਪੈਸੇ ਦੇ ਰੂਪ ਵਿਚ | ਚੀਜ਼ ਦੇ ਰੂਪ ਵਿਚ | ਪਤਾ ਨਹੀਂ ਚੀਜ਼ ਜਾਂ ਪੈਸੇ ਦੇ ਰੂਪ ਵਿਚ | ਮਜ਼ਦੂਰੀ ਹੀ ਨਾ ਦੇਣਾ | | | ਅਲਾਟ ਕੀਤੇ ਪਲਾਟ | ਰੂੜੀਆਂ | ਬਸਤੀਆਂ ਦੇ ਪਾਣੀ ਦਾ ਨਿਕਾਸ | ਧਰਮ-ਸ਼ਾਲਾਵਾਂ | ਬਸਤੀਆਂ ਤੇ ਪਲਾਟਾਂ ਨੂੰ ਰਾਹ | ਸ਼ਮਸ਼ਾਨ ਭੂਮੀ | ਪਤਾ ਨਹੀਂ ਕਿਸ ਤਰ੍ਹਾਂ ਦੀ ਜ਼ਮੀਨ ਬਾਰੇ | ਜ਼ਮੀਨ ਸਬੰਧੀ ਹੋਰ ਝਗੜੇ |
| ਗੁਰਦਾਸਪੁਰ | 5 | 5 | 2 | — | — | 3 | — | — | 1 | — | — | — | 2 | — |
| ਹੁਸ਼ਿਆਰਪੁਰ | 2 | — | 1 | — | — | 2 | 2 | — | — | — | — | — | 3 | — |
| ਰੋਪੜ | — | — | — | — | — | 1 | — | — | — | — | — | 1 | — | — |
| ਅੰਮ੍ਰਿਤਸਰ | 5 | 1 | 1 | — | 1 | 2 | 2 | — | — | — | 2 | — | — | — |
| ਕਪੂਰਥਲਾ | — | — | — | — | — | — | — | — | — | 2 | 1 | 1 | 1 | — |
| ਜਲੰਧਰ | 2 | 1 | — | 2 | — | 2 | 3 | 1 | — | 1 | — | — | — | 1 |
| ਲੁਧਿਆਣਾ | — | — | 1 | — | 1 | 3 | 3 | — | 1 | — | — | — | — | 1 |
| ਫ਼ੀਰੋਜ਼ਪੁਰ | — | — | — | — | — | — | — | — | — | — | — | — | — | — |
| ਫਰੀਦਕੋਟ | 1 | — | 1 | — | 1 | — | 2 | — | 1 | — | 1 | — | — | — |
| ਬਠਿੰਡਾ | 1 | 2 | — | 1 | 2 | — | — | — | — | — | — | — | — | 1 |
| ਸੰਗਰੂਰ | 8 | — | 1 | — | 2 | — | 1 | 1 | — | — | — | — | 1 | — |
| ਪਟਿਆਲਾ | 1 | — | — | 1 | — | 5 | 2 | — | 2 | — | — | 1 | 1 | — |
| | 25 | 9 | 7 | 4 | 7 | 18 | 15 | 2 | 5 | 3 | 4 | 3 | 8 | 3 |

# ਪੰਜਾਬ ਦੇ ਖੇਤ ਮਜ਼ਦੂਰ ਮਸਲੇ ਅਤੇ ਘੋਲ

| ਜ਼ਿਲ੍ਹੇ | ਸਾਰਣੀ-3 ਜਬਰ ਸਬੰਧੀ ੳ ਬਲਾਤਕਾਰ ਤੇ ਹੋਰ ਸਬੰਧਿਤ ਵਧੀਕੀਆਂ | ਅ ਸ਼ਿਕਾਇਤ ਵਿਰੋਧ ਜਾਂ ਹੋਰ ਕਥਿਤ ਕਾਰਨ ਕਰਕੇ ਵਧੀਕੀ | ੲ ਚੋਰੀ ਦਾ ਕੇਸ ਪਾਉਣਾ | ਸ ਕੁਟਣ ਮਾਰਨ ਦਾ ਕਾਰਨ ਪਤਾ ਨਹੀਂ | ਹ ਪੁਲੀਸ ਦਖ਼ਲ | ਸਾਰਣੀ-4 ਸਰਕਾਰ ਸਬੰਧੀ ੳ ਬੈਂਕ ਕਰਜ਼ੇ | ਅ ਮਕਾਨ | ੲ ਪੀਲੇ ਕਾਰਡ | ਸ ਪੈਨਸ਼ਨਾਂ | ਹ ਹੋਰ ਮੰਗਾਂ | ਹ ਉਲਾਂਭੇ | ਸਾਰਣੀ-5 ਹੋਰ ਘਟਨਾਵਾਂ-ਜਿਨ੍ਹਾਂ ਪਿਛੇ ਕਾਰਣਾਂ ਦਾ ਪਤਾ ਨਹੀਂ ੳ ਸਮਾਜਕ ਬਾਈਕਾਟ | ਅ ਜਿਸਮਾਨੀ ਹਮਲੇ | ੲ ਕਤਲ | ਕੁਲ ਮਸਲੇ ਤੇ ਘੋਲ |
|---|---|---|---|---|---|---|---|---|---|---|---|---|---|---|---|
| ਗੁਰਦਾਸਪੁਰ | 1 | — | — | — | — | 2 | — | — | — | 1 | 1 | 1 | — | — | 24 |
| ਹੁਸ਼ਿਆਰਪੁਰ | 2 | 1 | — | — | 1 | 2 | — | — | — | — | 1 | — | 1 | 1 | 19 |
| ਰੋਪੜ | 1 | 1 | — | 1 | — | — | 1 | — | — | — | — | — | — | — | 6 |
| ਅੰਮ੍ਰਿਤਸਰ | — | 1 | 1 | — | — | 1 | 1 | 1 | 1 | — | — | 1 | — | — | 21 |
| ਕਪੂਰਥਲਾ | — | 3 | — | — | 4 | — | — | — | — | — | — | 1 | — | — | 13 |
| ਜਲੰਧਰ | 1 | — | — | — | — | 3 | — | — | — | 1 | 1 | 1 | 1 | 1 | 22 |
| ਲੁਧਿਆਣਾ | — | 1 | 1 | — | 1 | 2 | 1 | — | — | 1 | — | — | — | — | 17 |
| ਫੀਰੋਜ਼ਪੁਰ | — | — | — | — | — | 1 | 1 | — | — | — | — | — | 1 | — | 3 |
| ਫਰੀਦਕੋਟ | 3 | 4 | — | 2 | 2 | 3 | — | — | — | — | 1 | 1 | — | — | 23 |
| ਬਠਿੰਡਾ | 4 | 1 | — | — | 3 | 4 | 1 | 1 | 1 | — | — | 1 | — | 3 | 26 |
| ਸੰਗਰੂਰ | 2 | — | — | — | — | 2 | — | 1 | 1 | 1 | — | 2 | — | 1 | 24 |
| ਪਟਿਆਲਾ | 1 | 1 | 1 | — | — | 2 | — | — | — | 1 | 1 | — | — | 2 | 12 |
| | 15 | 13 | 3 | 8 | 11 | 22 | 5 | 3 | 3 | 5 | 5 | 8 | 3 | 8 | 220 |

ਨਵੇਂ ਰੂਪ ਵਿੱਚ ਜਾਰੀ ਰਹਿ ਰਹੀ ਹੈ ।

**ਪਿੰਡ ਦਾ ਅਮੀਰ** : ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪਿੰਡਾਂ ਵਿੱਚ ਇਕ ਅਜਿਹੀ ਜਮਾਤ ਹੈ ਜਿਸ ਦੀ ਸਮੱਸਿਆ ਟੱਬਰ ਦਾ ਗੁਜ਼ਾਰਾ ਤੋਰਨ ਦੀ ਨਹੀਂ, ਸਗੋਂ ਵੱਧ ਤੋਂ ਵੱਧ ਪੂੰਜੀ ਇਕੱਠੀ ਕਰਨ ਦੀ ਹੈ[75]। ਇਹ ਠੀਕ ਹੈ ਕਿ ਸ਼ਹਿਰੀ ਬੁਰਜੁਆਜ਼ੀ ਇਸ ਜਮਾਤ ਦੀ ਜ਼ਿਆਦਾ ਪੂੰਜੀ ਇਕੱਠੀ ਨਹੀਂ ਹੋਣ ਦਿੰਦੀ, ਪਿੰਡ ਦਾ ਇਹ ਕੁਲੱਕ ਅਜਿਹੇ ਸਮੇਂ ਦੋ ਤਰੀਕਿਆਂ ਰਾਹੀਂ ਆਪਣਾ ਮੰਤਵ ਹੱਲ ਕਰਨ ਦੀ ਕੋਸ਼ਿਸ਼ ਕਰਦਾ ਹੈ—ਪਹਿਲੀ ਤੇ ਆਮ ਕੋਸ਼ਿਸ਼ ਕਿਸਾਨ ਦੇ ਨਾਂ ਥੱਲੇ ਸਰਕਾਰ ਕੰਟਰੋਲ ਕਰ ਕੇ ਜਾਂ ਸਰਕਾਰ ਤੇ ਜ਼ੋਰ ਪਾ ਕੇ ਆਪਣੇ ਹਿੱਤਾਂ ਵਾਸਤੇ ਵਰਤਣ ਦੀ ਹੈ[76] । (ਅ) ਦੂਸਰੀ ਕੋਸ਼ਿਸ਼ ਰਾਹੀਂ ਉਹ ਪਿੰਡ ਵਿੱਚ ਖੇਤੀ ਦੇ ਨਾਲ ਕੋਈ ਕੰਮ ਜਾਂ ਸ਼ਹਿਰ ਵਿੱਚ ਜਾ ਕੇ ਕੋਈ ਹੋਰ ਕਾਰੋਬਾਰ, ਨੌਕਰੀ ਆਦਿ ਕਰਦਾ ਹੈ ।[77]

ਪਿੰਡਾਂ ਵਿੱਚ ਇਹ ਜਮਾਤ ਮਜ਼ਦੂਰ ਮੰਡੀ ਵਿੱਚ ਕਾਫ਼ੀ ਜ਼ੋਰ ਰਖਦੀ ਹੈ। ਪਹਿਲਾਂ ਪੈਸੇ, ਵੱਧ ਦਿਹਾੜੀ ਜਾਂ ਜ਼ਿਆਦਾ ਸਹੂਲਤਾਂ ਦੇ ਕੇ ਚੰਗਾ ਮਜ਼ਦੂਰ ਹੂੰਝ ਕੇ ਲੈ ਜਾਂਦੀ ਹੈ । ਮਜ਼ਦੂਰਾਂ 'ਤੇ ਹੋਰ ਗ਼ਰੀਬਾਂ ਨੂੰ ਸਰਕਾਰ ਵਲੋਂ ਮਿਲੀਆਂ ਸਹੂਲਤਾਂ ਤੇ ਵੀ ਇਹ ਜਮਾਤ ਹੱਥ ਫੇਰਨ ਦੀ ਕੋਸ਼ਿਸ਼ ਕਰਦੀ ਹੈ ।[78] ਪੰਜਾਬ ਵਿਚਲੀਆਂ ਸਾਰੀਆਂ ਸਿਆਸੀ ਪਾਰਟੀਆਂ ਦੀ ਪ੍ਰਵਿਰਤੀ ਇਸ ਜਮਾਤ ਨੂੰ ਅੱਖੋਂ ਓਹਲੇ ਕਰਨ ਦੀ ਹੈ । o

## ਵੇਰਵੇ ਤੇ ਹਵਾਲੇ

1. ਲੇਖਕ, ਪ੍ਰੋ: ਸੁੱਚਾ ਸਿੰਘ ਗਿੱਲ, ਅਰਥ ਸ਼ਾਸਤਰ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਇਹ ਲੇਖ ਲਿਖਣ ਲਈ ਮਿਲੀ ਪ੍ਰੇਰਣਾ ਲਈ ਧੰਨਵਾਦੀ ਹੈ । ਪ੍ਰੋ: ਗੁਰਬਚਨ ਸਿੰਘ, ਪੰਜਾਬੀ ਵਿਭਾਗ,ਗੁਰੂ ਨਾਨਕ ਕਾਲਜ ਬੁਢਲਾਡਾ (ਬਠਿੰਡਾ) ਵਲੋਂ ਦਿਤੇ ਸੁਝਾਵਾਂ ਦਾ ਅਤੇ ਵੱਖ ਵੱਖ ਜਥੇਬੰਦੀਆਂ ਦੇ ਲੀਡਰਾਂ ਵਲੋਂ ਆਪਣੇ ਕੀਮਤੀ ਤਜਰਬੇ ਸਾਂਝੇ ਕਰਨ ਦਾ ਵੀ ਲੇਖਕ ਸ਼ੁਕਰਗੁਜ਼ਾਰ ਹੈ।

(2) ਪਹਿਲੇ ਹਿੱਸੇ ਨੂੰ ਛੱਡ ਕੇ ਬਾਕੀ ਦਾ ਲੇਖ ਮੁੱਖ ਤੌਰ ਤੇ 1980 ਤੋਂ 82 ਤਕ ਦੇ ਪੰਜਾਬੀ ਟ੍ਰਿਬਿਊਨ ਅਕਾਲੀ ਪਤ੍ਰਿਕਾ, ਜਗਬਾਣੀ, ਨਵਾਂ ਜ਼ਮਾਨਾ, ਲੋਕ ਲਹਿਰ, ਦੀ ਟ੍ਰਿਬਿਊਨ ਅਤੇ ਇੰਡੀਅਨ ਐਕਸਪ੍ਰੈੱਸ ਅਖ਼ਬਾਰਾਂ ਦੀਆਂ 220 ਘਟਨਾਵਾਂ ਬਾਰੇ ਖਬਰਾਂ (ਜਿਨ੍ਹਾਂ ਨੂੰ ਲੇਖ ਦੇ ਅਖੀਰ ਵਿੱਚ 5 ਸਾਰਣੀਆਂ ਵਿੱਚ ਪੇਸ਼ ਕੀਤਾ ਗਿਆ ਹੈ), ਪੰਜਾਬ ਖੇਤ ਮਜ਼ਦੂਰ ਸਭਾ ਅਤੇ ਪੰਜਾਬ ਦਿਹਾਤੀ ਮਜ਼ਦੂਰ-ਸਭਾ ਦੇ ਕ੍ਰਮਵਾਰ ਸਿਤੰਬਰ 12-15,80 ਤੇ ਸਿਤੰਬਰ 14-20, '81 ਦੇ ਸਮਾਗਮਾਂ, ਪਿੰਡ ਚਰਾਸੋਂ ਤੇ ਭੜੋਆ (ਜ਼ਿਲਾ ਪਟਿਆਲਾ) ਦੀ ਡਾਇਰੀ, 10 ਖੇਤ ਮਜ਼ਦੂਰ ਲੀਡਰਾਂ ਨਾਲ ਇੰਟਰਵਿਊ ਅਤੇ ਲੇਖਕ ਦੀਆਂ ਪ੍ਰਕਾਸ਼ਿਤ ਤੇ ਅਪ੍ਰਕਾਸ਼ਿਤ 'ਲਿਖਤਾਂ 'ਤੇ ਆਧਾਰਤ ਹੈ।

3 Irfan Habib. "The Peasant in Indian History"

[ਭਾਰਤੀ ਇਤਿਹਾਸ ਕਾਂਗਰਸ ਦੇ ਕਰੂਕਸ਼ੇਤਰ ਵਿਖੇ ਹੋਏ ਤਰਤਾਲੀਵੇਂ ਅਜਲਾਸ (1982) ਵਿੱਚ ਪੜ੍ਹਿਆ ਗਿਆ ਪ੍ਰਧਾਨਗੀ ਭਾਸ਼ਨ]

ਲੇਖ ਦਾ ਇਹ ਪੈਰਾ, ਲਗਭਗ, ਇਸੇ ਲਿਖਤ ਤੇ ਆਧਾਰਤ ਹੈ ।

4. "India.Census 1981. Series-17 Punjab.

ਖੇਤ-ਮਜ਼ਦੂਰ 1931 ਵਿੱਚ ਪੇਂਡੂ ਕੰਮ ਕਰਨ ਵਾਲੇ ਲੋਕਾਂ ਦਾ 13.2% ਤੋਂ ਵਧ ਕੇ 1981 ਵਿੱਚ 29.5% ਹੋ ਗਏ ।

5. OP. Cit. Habib P. 46

6. Himadri Banerjee. "Agricultural Labourers of the Punjab During the Second Half of the Nineteenth Century." The Punjab Past and Prerent April, 77.

7.(ੳ) Mridula Mukherjee. "Some Aspects of Agrarian Structure of Punjab, 1925-47 EPW* June 28.80

(ਅ) Sukhwant Singh. "Agricultural Transfarmation in Punjab under British Rule, 1849-1947 Punjab History Confrence Mar. 12-14, 82.

ਮੁਖਰਜੀ ਦੇ ਉਲਟ ਸੁਖਵੰਤ ਸਿੰਘ ਬਸਤੀਵਾਦੀ ਰਾਜ ਵਿੱਚ ਹਰੇ ਇਨਕਲਾਬ ਦਾ ਦਾਹਵਾ ਕਰਦਾ ਹੈ ।

8 OP. Cit. Mukherjee

9. Ibid

10. Surendra J. Patel. "Agricultural Labourers of India and Pakistan" Bombay, Current, 1952. P. 148

ਭਾਰਤ ਵਿੱਚ 1931 ਵਿੱਚ 42 ਮਿਲੀਅਨ ਬੇਜ਼ਮੀਨੇ ਖੇਤ ਮਜ਼ਦੂਰ ਸਨ ਜਿਨ੍ਹਾਂ ਵਿੱਚੋਂ ਸਿਰਫ 3 ਮਿਲੀਅਨ ਅਧੀਨ ਮਜ਼ਦੂਰ ਸਨ, 35 ਮਿਲੀਅਨ ਨੂੰ ਅਧੂਰਾ ਰੁਜ਼ਗਾਰ ਮਿਲਦਾ ਸੀ ਤੇ 4 ਮਿਲੀਅਨ ਪੂਰਨ ਰੁਜ਼ਗਾਰ 'ਤੇ ਲੱਗੇ ਹੋਏ ਸਨ ।

* E P W ਸੰਖੇਪ ਰੂਪ ਵਿੱਚ Economic and Political Weekly ਦੀ ਥਾਂ ਵਰਤਿਆ ਗਿਆ ਹੈ ।

11 Kamal Kumar Ghosh. "Agricultural Labourers in India. Calcutta, Indian, 1969. P. 117

12. Bhagwan Josh, Mridula Mukherjee and Bipan Chandra "The Peasant Movement in Punjab Before 1947 (Mimes).

13. OP. Cit Mukherjee

14. OP. Cit Bhagwan Josh

15. ਭਾਵ ਆਪ ਮੁਹਾਰੇ ਘਲ 1947 ਤੋਂ ਪਹਿਲਾਂ ਵੀ ਹੁੰਦੇ ਸਨ :

(Miss Prem Chowdhry. "Rural Relations Prevailing in Punjab at the time of Enactment of the Socalled Golden Laws or Agrarian Legislation of the late thirties" The Punjab Past and Present Oct 76.) ਪਰ ਜਥੇਬੰਦਕ ਤੌਰ ਤੇ ਖੇਤ-ਮਜ਼ਦੂਰਾ ਦੇ ਘੋਲ 1947 ਤੋਂ ਬਾਅਦ ਹੀ ਸ਼ੁਰੂ ਹੋਏ। ਮਾਸਟਰ ਹਰੀ ਸਿੰਘ ਅਨੁਸਾਰ ਪੰਜਾਬ ਦਿਹਾਤੀ ਮਜ਼ਦੂਰ ਸਭਾ ਦੀਆਂ ਮੁਢਲੀਆਂ ਸਰਗਰਮੀਆਂ 1353-54 ਵਿੱਚ ਸ਼ੁਰੂ ਹੋ ਗਈਆਂ ਸਨ Master Hari Singh. "Agricultural Workers" Struggle in Punjab." New Delhi. P P H, 1980 Chapter 2) ਪਰ ਪੰਜਾਬ ਦੇ ਇਕ ਜ਼ਿਲਾ ਖੇਤ-ਮਜ਼ਦੂਰ ਲੀਡਰ ਅਨੁਸਾਰ ਦਿਹਾਤੀ ਮਜ਼ਦੂਰ-ਸਭਾ ਦੀਆਂ ਸਰਗਰਮੀਆਂ ਚੀਨ ਦੇ ਇਨਕਲਾਬ (1949) ਤੋਂ ਛੇਤੀ ਬਾਅਦ ਹੀ (1950-51) ਸ਼ੁਰੂ ਹੋ ਗਈਆਂ ਸਨ। ਇਸ ਗੱਲ ਦਾ ਪਤਾ ਮਾਸਟਰ ਹਰੀ ਸਿੰਘ ਦੀ ਕਿਤਾਬ ਛਪਣ ਤੋਂ ਬਾਅਦ ਸੋਹਣ ਸਿੰਘ ਜੋਸ਼ ਤੋਂ ਲੱਗਾ।

16ੳ) Chester Bowles. 'Who owns the Land.

ਅਮਰੀਕਾ ਦੇ ਭਾਰਤ ਵਾਲੇ ਸਾਬਕਾ ਰਾਜਦੂਤ ਚੈਸਟਰ ਬੌਵਲਜ਼ ਨੇ ਉਪਰੋਕਤ ਲੇਖ ਨੂੰ ਪਹਿਲੀ ਵਾਰ ਮੈਸੂਰ ਜ਼ਰਾਇਤੀ ਯੂਨੀਵਰਸਿਟੀ ਦੇ ਅਗਸਤ 21, 1964 ਨੂੰ ਹੋਏ ਉਦਘਾਟਨ ਦੇ ਮੌਕੇ 'ਤੇ ਸੰਬੋਧਨ ਕਰਨ ਵਾਸਤੇ ਤਿਆਰ ਕੀਤਾ ਸੀ। ਇਸ ਨੂੰ ਬਾਅਦ ਵਿੱਚ ਅਮਰੀਕਨ ਨੀਤੀ ਬਿਆਨਾਂ ਬਾਰੇ ਛਪ ਰਹੀ ਲਗਾਤਾਰ ਲੇਖ ਲੜੀ 'Viewpoint U.S A.' ਦੇ ਅਠਾਰ੍ਹਵੇਂ ਪੈਂਫਲਿਟ ਵਿਚ ਛਾਪਿਆ ਗਿਆ।

ਅ) H. D. Malaviya. Land Reforms in India. New Delhi, Research Deptt. A.I.C.C. 1955. ਭਾਰਤੀ ਬੁਰਜੂਆਜ਼ੀ ਦੀ 1947 ਵੇਲੇ ਜ਼ਰਾਇਤੀ ਨੀਤੀ ਜਾਣਨ ਲਈ ਇਹ ਇਕ ਵਧੀਆ ਲਿਖਤ ਹੈ।

17. Harry M. Claver, JR. The contradiction of Green Revolution. Monthly Review. Vol. 24 No. 2. June 72.

18. ਭਾਵੇਂ ਸਰਮਾਏਦਾਰ ਪੈਦਾਵਾਰੀ ਸੰਬੰਧ ਬਸਤੀਵਾਦੀ ਸਮੇਂ ਤੋਂ ਹੀ ਤਰੱਕੀ ਕਰਦੇ ਆ ਰਹੇ ਸਨ (N. Bhattacharya 'Aspects of Agrarian Structure in the Punjab, 1870-1925 : a study of central south - eastern regions') ਪਰ ਸੱਠਵਿਆਂ ਵਿਚ ਨਵੀਂ ਤਕਨੀਕ ਲਾਗੂ ਕਰਨ ਤੋਂ ਬਾਅਦ ਸਰਮਾਏਦਾਰੀ ਸੰਬੰਧਾਂ ਦੀ ਸਰਦਾਰੀ ਸਾਫ਼ ਜ਼ਾਹਰ ਹੋ ਗਈ। (Sucha Singh Gill, Capitalism in Punjab Agriculture. P.S.E. Economic Analyst vol II Dec. 80. Nirmal S. Azad. Agrarian Production Relations in Punjab. Mainstream May 2, 81.)

19. ਇਨ੍ਹਾਂ ਦੇ ਮਸਲੇ ਤੇ ਘੋਲ ਖੇਤ-ਮਜ਼ਦੂਰਾਂ ਦੇ ਨਾਂ 'ਤੇ ਘੱਟ ਅਤੇ ਹਰੀਜਨਾਂ ਦੇ ਨਾਂ 'ਤੇ ਵੱਧ ਜਾਣੇ ਜਾਂਦੇ ਹਨ।

20. ਪੰਜਾਬ ਖੇਤ ਮਜ਼ਦੂਰ-ਸਭਾ ਅਤੇ ਪੰਜਾਬ ਦਿਹਾਤੀ ਮਜ਼ਦੂਰ-ਸਭਾ ਦੇ ਸਮਾਗਮਾਂ ਵਿੱਚ ਖੇਤ ਮਜ਼ਦੂਰ ਨੁਮਾਇੰਦਿਆਂ ਨੇ ਜਨਰਲ ਸਕੱਤਰ ਵਲੋਂ ਮਜ਼ਦੂਰੀ ਦੇ ਸੰਬੰਧ ਵਿੱਚ ਯੂਨੀਵਰਸਿਟੀਆਂ ਵਲੋਂ ਇਕੱਠੇ ਕੀਤੇ ਅੰਕੜਿਆਂ ਵਿੱਚ ਮਜ਼ਦੂਰਾਂ ਨੂੰ ਵਧਾ ਚੜ੍ਹਾ ਕੇ ਖ਼ੁਸ਼ਹਾਲ ਦੱਸਿਆ ਜਾਂਦਾ ਹੈ। ਦਿਹਾਤੀ ਮਜ਼ਦੂਰ-ਸਭਾ ਦੇ ਸਮਾਗਮ ਵਿੱਚ ਤਾਂ ਕਈਆਂ ਨੇ ਸਭਾ ਵਲੋਂ ਆਪਣਾ ਪੜਤਾਲੀਆ ਕਮੀਸ਼ਨ ਨਿਯੁਕਤ ਕਰਨ ਦੀ ਸਲਾਹ ਦਿੱਤੀ।

21. ਪੰਜਾਬੀ ਟ੍ਰਿਬਿਊਨ. ਅਗਸਤ 1982 **100 ਪਿੰਡਾਂ ਵਿੱਚ ਜ਼ਿਮੀਦਾਰਾਂ ਵਲੋਂ ਖੇਤ-ਮਜ਼ਦੂਰਾਂ ਦਾ ਬਾਈਕਾਟ**

22. ਪੰਜਾਬ ਖੇਤ ਮਜ਼ਦੂਰ-ਸਭਾ ਦੇ ਲੀਡਰ ਦਾਹਵਾ ਕਰਦੇ ਹਨ ਕਿ ਉਹ ਮਜ਼ਦੂਰੀ ਵਧਾਉਣ ਲਈ ਪਿੰਡ ਵਿਚ ਘੋਲ ਚਲਾਉਂਦੇ ਹਨ। (Master Hari Singh Agricultural Workers 'Struggle...P.33) ਇਸੇ ਤਰ੍ਹਾਂ ਪੰਜਾਬ ਦਿਹਾਤੀ ਮਜ਼ਦੂਰ-ਸਭਾ ਦੇ ਲੀਡਰਾਂ ਨੇ ਇਕ ਇੰਟਰਵਿਊ ਵਿੱਚ ਦਾਹਵਾ ਕੀਤਾ। ਪਰ ਅਸਲੀਅਤ ਇਹ ਹੈ ਕਿ ਆਮ ਤੌਰ ਤੇ ਮਜ਼ਦੂਰਾਂ ਦੀ ਥੁੜ ਕਾਰਨ ਤਕੜੇ ਕਿਸਾਨ ਮਜ਼ਦੂਰੀ ਆਪ ਵਧਾ ਦੇਂਦੇ ਹਨ ਜਾਂ ਮਜ਼ਦੂਰਾਂ ਵਲੋਂ ਥੋੜਾ ਬਹੁਤਾ ਕਹਿਣ ਤੇ ਵਧਾਉਣਾ ਮੰਨ ਜਾਂਦੇ ਹਨ। ਜੇ ਘੋਲ ਚੱਲ ਵੀ ਪਵੇ ਤਾਂ ਉਹ ਮੁੱਖ ਤੌਰ 'ਤੇ ਆਪ ਮੁਹਾਰਾ ਹੁੰਦਾ ਹੈ। ਆਮ ਤੌਰ ਤੇ ਜਥੇਬੰਦੀਆਂ ਘੋਲ ਸ਼ੁਰੂ ਹੋਣ ਤੋਂ ਬਾਅਦ ਹੀ

ਪ੍ਰਵੇਸ਼ਕਰਦੀਆਂ ਹਨ ।

23. ਖੇਤ ਮਜ਼ਦੂਰ ਲੀਡਰਾਂ ਅਨੁਸਾਰ ਪੰਜਾਬ ਦੇ ਜ਼ੀਰੀ ਦੇ ਇਲਾਕੇ ਵਿੱਚ ਤਾਂ ਕਈ ਥਾਵਾਂ ਤੇ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਕੰਮ ਦੇ ਜ਼ੋਰ ਸਮੇਂ ਲੋਕਲ ਮਜ਼ਦੂਰਾਂ ਨਾਲੋਂ ਵੀ ਵੱਧ ਜਾਂਦੀ ਹੈ । 1981 ਦੀ ਮਰਦਮ ਸ਼ੁਮਾਰੀ ਅਨੁਸਾਰ ਪੰਜਾਬ ਵਿੱਚ ਲੋਕਲ ਮਜ਼ਦੂਰਾਂ ਦੀ ਜਨਸੰਖਿਆ 11,04,821 ਹੈ ।

24. ਇਸ ਦੇ ਉਲਟ ਗੁਰਚਰਨ ਸਿੰਘ ਟੌਹੜਾ, ਪ੍ਰਧਾਨ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਲੋਂ ਪਿਛਲੇ ਸਮੇਂ ਵਿੱਚ ਜਾਰੀ ਕੀਤੇ ਇਕ ਬਿਆਨ ਅਨੁਸਾਰ ਪੰਜਾਬ ਦੇ ਕਿਸਾਨਾਂ ਨੂੰ ਬਾਹਰਲੇ ਮਜ਼ਦੂਰ ਨਾ ਲਾਉਣ ਦੀ ਅਪੀਲ ਕੀਤੀ ਕਿਉਂਕਿ ਉਹ ਏਧਰ ਆਕੇ ਆਪਣੀਆਂ ਵੋਟਾਂ ਬਣਾ ਮਹਿੰਗੇ ਵੀ ਪੈਂਦੇ ਹਨ। ਬਾਹਰਲੇ ਖੇਤ ਮਜ਼ਦੂਰਾਂ ਦਾ ਵੱਡਾ ਹਿੱਸਾ ਕੁਝ ਸਮਾਂ ਕੰਮ ਕਰਕੇ ਵਾਪਸ ਦੇਸ ਪਰਤ ਜਾਂਦਾ ਹੈ । ਇਸ ਕਰਕੇ ਟੌਹੜਾ ਦੇ ਬਿਆਨ ਨੂੰ ਕੁਝ ਕੁ ਅਕਾਲੀ ਲੀਡਰਾਂ ਤੋਂ ਛੁੱਟ, ਬਾਕੀ ਸਾਰੇ ਅਕਾਲੀ ਦਲ ਵਲੋਂ ਮਾਨਤਾ ਨਾ ਮਿਲ ਸਕੀ ।

25. Sucha Singh Gill. Migratory Labour in Punjab Agriculture; a study of its implications for Agricultural Labour.

26. ਮੁਖਤਿਆਰ ਸਿੰਘ **ਗੋਹਾ ਕੂੜਾ ਚੱਕਣ ਵਾਲੇ ਲੋਕ** ਪੰਜਾਬੀ ਟ੍ਰਿਬਿਊਨ ਮਾਰਚ 9,80,

27. ਦਿਨ ਰਾਤ ਦੀ ਡਿਊਟੀ ਦਾ ਮਤਲਬ ਇਹ ਨਹੀਂ ਕਿ 24 ਘੰਟੇ ਕੰਮ ਕਰਦੇ ਰਹਿੰਦੇ ਹਨ, ਸੌਂਦੇ ਨਹੀਂ ਅਤੇ ਆਪਣੇ ਘਰ ਨਹੀਂ ਜਾਂਦੇ। ਸਾਰਾ ਸਾਲ ਇਕੋ ਜਿਹਾ ਨਹੀਂ ਹੁੰਦਾ। ਕਦੇ ਘੱਟ, ਕਦੇ ਵੱਧ ਅਤੇ ਕੋਈ ਕੋਈ ਦਿਨ ਬਿਲਕੁਲ ਵਿਹਲਾ ਵੀ ਨਿਕਲ ਜਾਂਦਾ ਹੈ । ਪਰ ਮਸ਼ਨੀਰੀ ਦੇ ਵਧਣ ਨਾਲ ਵਿਹਲਾ ਸਮਾਂ ਕਾਫੀ ਘਟ ਗਿਆ ਹੈ । ਰਾਤ ਦੀ ਡਿਊਟੀ ਵੀ ਅੱਗੇ ਨਾਲੋਂ ਕਿਤੇ ਵਧ ਗਈ ਹੈ । ਖਾਸ ਤੌਰ ਤੇ ਜ਼ੀਰੀ ਦੀ ਫਸਲ ਸਮੇਂ ਸਾਲਾਨਾ ਮਜ਼ਦੂਰਾਂ ਨੂੰ ਖੇਤ ਵਿੱਚ ਸਥਿੱਤ ਮੋਟਰ ਜਾਂ ਇੰਜਣ ਵਾਲੇ ਕਮਰੇ ਵਿੱਚ ਰਾਤ ਨੂੰ ਸੌਣਾ ਪੈਂਦਾ ਹੈ, ਚਾਹੇ ਮੋਟਰ ਚਲਦੀ ਹੋਵੇ ਚਾਹੇ ਨਾ ।

28. ਖਾਸ ਕਰ, ਨੌਜਵਾਨ ਜ਼ਿਮੀਂਦਾਰ ਜ਼ਾਤਪਾਤ ਨੂੰ ਕਾਇਮ ਰੱਖਣ ਦੇ ਇਸ ਲਈ ਹੱਕ ਵਿਚ ਨਹੀਂ ਕਿ ਉਹ ਇਸ ਨੂੰ ਅਸੂਲੀ ਤੌਰ ਤੇ ਜ਼ਰੂਰੀ ਸਮਝਦੇ ਹਨ ਸਗੋਂ ਜ਼ਾਤ ਪਾਤ ਕਾਇਮ ਰਹਿਣ ਨਾਲ ਕਿਉਂਕਿ ਮਾਲਕ ਨੌਕਰ ਦਾ ਰਿਸ਼ਤਾ ਕਾਇਮ ਰਹਿੰਦਾ ਹੈ, ਉਹ ਇਸੇ ਲਈ ਇਸ ਨੂੰ ਚਾਲੂ ਰੱਖਣਾ ਚਾਹੁੰਦੇ ਹਨ ।

29. Karam Singh and Balbir Singh. "Study of Farmer Labour Relations in Punjab" Journal of Industrial Relations 12 (3) Jan. 77

ਇਸ ਲੇਖ ਵਿਚ ਵੀ ਮਾਲਕ ਛੇਤੀ ਬਦਲਣ ਦੀ ਪ੍ਰਵਿਰਤੀ ਨੂੰ ਨੋਟ ਕੀਤਾ ਗਿਆ ਹੈ ।

30. ਮਾਸਟਰ ਹਰੀ ਸਿੰਘ **ਪੰਜਾਬ ਖੇਤ-ਮਜ਼ਦੂਰ ਸਭਾ ਦੇ ਪੱਚੀ ਸਾਲ** । ਚੰਡੀਗੜ੍ਹ ਪੰਜਾਬ ਖੇਤ ਮਜ਼ਦੂਰ ਸਭਾ 80.

ਇਹੋ ਕਾਰਨ ਹੈ ਕਿ ਸੀਰੀ ਦਿਨੋ ਦਿਨ ਘਟਦੇ ਜਾ ਰਹੇ ਹਨ ਜਿਵੇਂ ਕਿ ਮਾਸਟਰ ਜੀ ਨੇ ਵੀ ਨੋਟ ਕੀਤਾ ਹੈ ।

31. B H. Talib Agrarian Tensions in Punjab (Mimeo) J. N.U. Centre for Regional Studies New Delhi.

32 ੳ) Pritam Singh. "Land to Landless." Khadi Gramodyog 19 (10) July 73

(ਅ) ਪਿੰਡਾਂ ਵਿੱਚ ਵੀ ਆਮ ਸੁਣੀਂਦਾ ਹੈ ਕਿ ਕਾਫੀ ਅਜੋਕੇ ਖੇਤ ਮਜ਼ਦੂਰਾਂ ਕੋਲ ਜ਼ਮੀਨ ਹੁੰਦੀ ਸੀ । ਪਰ ਬਾਅਦ ਵਿੱਚ ਉਨ੍ਹਾਂ ਨੇ ਵੇਚ ਦਿੱਤੀ ਜਾਂ ਹੋਰ ਕਿਸੇ ਤਰੀਕੇ ਨਾਲ ਹੱਥੋਂ ਨਿਕਲ ਗਈ ।

33 (ੳ) The Tribune April 6,82 "The (Un) *Common Land Issue.*

(ਅ) ਧਨਪਤ ਰਾਏ ਨਾਹਰ **ਦਿਹਾਤੀ ਮਜ਼ਦੂਰਾਂ ਦੇ ਮਸਲੇ, ਸੰਘਰਸ਼ ਤੇ ਪ੍ਰਾਪਤੀਆਂ** ਲੋਕ ਲਹਿਰ ਨਵੰਬਰ 2,81

34. ੳ) Nirmal S. Azad *Agrerian Production Relations in Punjab.* Mainstream. May 2,81 P.18

ਅ) K. L. Sharma Land Reforms in Punjab; A Sociological Appraisal the Economic Times. Feb. 20, 81.

ੲ) P D. Mohindra Punjab Still toying with Land Reforms. The Tribune. Feb. 17, 83.

ਸ) ਏ.ਪੀ. ਸਿੰਘ. ਪੰਜਾਬ ਖੇਤ ਮਜ਼ਦੂਰ ਸਭਾ ਐਂਤੇ ਖੇਤ ਮਜ਼ਦੂਰ ਸੰਘ. ਦਿਸੰਬਰ 89 ਸਫਾ 57

35. ਪੰਜਾਬੀ ਟ੍ਰਿਬਿਊਨ ਵਿਚ ਚਲ ਰਹੀ ਲੜੀ 'ਪਿੰਡਾਂ ਵਿਚੋਂ ਪਿੰਡ ਸੁਣੀਦਾ' ਤੋਂ ਵੀ ਅਜਿਹੀਆਂ ਕਾਫੀ ਸ਼ਿਕਾਇਤਾਂ ਨੋਟ ਕੀਤੀਆਂ ਗਈਆਂ ਹਨ ।

35. ਇਸ ਭਾਗ ਵਿਚ ਕੁਝ ਅਜਿਹੇ ਮਸਲੇ ਵੀ ਸ਼ਾਮਲ ਹਨ ਜਿਹੜੇ ਅਖਬਾਰ ਦੀ ਖਬਰ ਘੱਟ ਬਣੇ ਜਾਂ ਬਿਲਕੁਲ ਹੀ ਨਹੀਂ ਬਣੇ, ਪਰ ਉਹ ਆਪਣੇ ਆਪ ਵਿੱਚ

ਭੱਖਦੇ ਮਸਲੇ ਹਨ। ਥਰੈਸਰ ਹਾਦਸੇ, ਪੀਲੇ ਕਾਰਡਾਂ ਦਾ ਮਸਲਾ ਆਦਿ ਅਖ਼ਬਾਰਾਂ ਦੀ ਖ਼ਬਰ ਘੱਟ ਬਣੇ! ਔਰਤ ਮਜ਼ਦੂਰਾਂ ਦੇ ਸਪੈਸ਼ਲ ਮਸਲੇ, ਮੁਫ਼ਤ ਕਾਨੂੰਨੀ ਸਹਾਇਤਾ, ਵਿਦਿਅਕ ਸਹੂਲਤਾਂ ਆਦਿ ਮਸਲੇ ਅਖ਼ਬਾਰਾਂ ਦੀ ਖ਼ਬਰ ਲਗਭਗ ਬਣੇ ਹੀ ਨਹੀਂ।

37. Sucha Singh Gill. Development and its Impact on Rural Artisans; Punjab Study. Mainstream. Jan. 12,80

38. ਭਗਵਾਨ ਦਾਸ, ਪੰਜਾਬੀ ਟ੍ਰਿਬਿਊਨ, ਜਨਵਰੀ 25, 83. **ਪੰਜਾਬ 'ਚ ਦੁੱਧ ਉਤਪਾਦਕ ਮਾਯੂਸ** ਪੰਜਾਬ ਵਿਚ ਦੁੱਧ ਹੁਣ ਫਾਲਤੂ ਹੋ ਗਿਆ ਹੈ। ਦੁੱਧ ਪਲਾਂਟਾਂ ਨੇ ਹਰ ਕੇਂਦਰ ਤੋਂ ਦੁੱਧ ਖਰੀਦਣ ਦੀ ਹੱਦ ਮਿਥ ਦਿੱਤੀ ਹੈ। ਉਤਪਾਦਕ ਹੁਣ ਦਮੜਿਆਂ ਦੇ ਭਾਅ ਦੁੱਧ ਵੇਚਣ ਲਈ ਮਜਬੂਰ ਹੋ ਗਏ ਹਨ। ਸਭ ਤੋਂ ਵਧ ਨੁਕਸਾਨ ਛੋਟੇ ਉਤਪਾਦਕਾਂ ਨੂੰ ਹੋਇਆ ਹੈ ਜਿਹੜੇ, ਸਰਕਾਰੀ ਅਨੁਮਾਨਾਂ ਅਨੁਸਾਰ ਸ਼ਹਿਰਾਂ ਦੀ 70 ਫੀਸਦੀ ਦੁੱਧ ਦੀ ਸਪਲਾਈ ਕਰਦੇ ਹਨ। ਇਨ੍ਹਾਂ ਛੋਟੇ ਉਤਪਾਦਕਾਂ ਨੇ ਕਰਜ਼ਿਆਂ ਨਾਲ ਪਸ਼ੂ ਖਰੀਦੇ ਹਨ। ਹੁਣ ਕਿਸ਼ਤਾਂ ਦੇਣੀਆਂ ਵੀ ਦੁੱਭਰ ਹੋ ਰਹੀਆਂ ਹਨ। ਅਜੀਬ ਗੱਲ ਇਹ ਹੈ ਕਿ ਸ਼ਹਿਰਾਂ ਵਿਚ ਖਪਤਕਾਰਾਂ ਨੂੰ ਦੁੱਧ ਉਸੇ ਭਾਅ ਮਿਲ ਰਿਹਾ ਹੈ। ਫਿਰ ਦੁੱਧ ਤੋਂ ਜੋ ਪਦਾਰਥ ਬਣਦੇ ਹਨ ਉਨ੍ਹਾਂ ਵਿਚੋਂ ਕਿਸੇ ਦੀ ਵੀ ਕੀਮਤ ਨਹੀਂ ਡਿੱਗੀ।

39ੳ) ਪੰਜਾਬੀ ਟ੍ਰਿਬਿਊਨ. ਅਕਤੂਬਰ 2, 82, ਬਠਿੰਡੇ ਦਾ ਇਕ ਬੈਂਕ ਅਧਿਕਾਰੀ ਆਪਣੇ ਇਲਾਕੇ ਤਜਰਬੇ ਦੇ ਅਧਾਰ ਤੇ ਦਸਦਾ ਹੈ ਕਿ ਸਮਾਜਕ ਤੇ ਆਰਥਕ ਤੌਰ ਤੇ ਪਛੜੇ ਵਰਗਾਂ ਨੂੰ ਦਿੱਤੇ ਜਾਂਦੇ ਕੋਈ 90% ਕਰਜ਼ੇ ਦੀ ਦੁਰਵਰਤੋਂ ਹੁੰਦੀ ਹੈ।

ਲੇਖਕ ਦੀ ਬਠਿੰਡੇ ਜ਼ਿਲੇ ਦੇ ਅਜਿਹੇ ਕਰਜ਼ੇ ਨਾਲ ਸਬੰਧਤ ਕੁਝ ਵਿਅਕਤੀਆਂ ਨਾਲ ਕੀਤੀ ਇੰਟਰਵਿਊ ਤੋਂ ਵੀ ਜ਼ਾਹਰ ਹੁੰਦੀ ਹੈ ਕਿ ਮਜ਼ਦੂਰ ਕਰਜ਼ਾ ਤਾਂ ਮੋੜ ਦਿੰਦੇ ਪਰ ਬਹੁਤ ਦੇਰ ਨਾਲ ਕਿਉਂਕਿ ਕਰਜ਼ੇ ਦੀ ਉਸ ਮੰਤਵ ਵਾਸਤੇ ਵਰਤੋਂ ਨਹੀਂ ਕੀਤੀ ਜਾਂਦੀ ਜਿਸ ਵਾਸਤੇ ਬੈਂਕ ਨੇ ਦਿੱਤਾ ਹੁੰਦਾ ਹੈ।

ਅ) A.K. Gupta and B.K. Aggarwal Socio-economic Impact of Marginal farmers and Agricultural Labourers's Agency on the rural poor of Punjab a case study.

ਇਹ ਪਰਚਾ ਜੁਲਾਈ 1-2, 81 ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਏ Structure of Employment and Wages in Rural India ਦੇ ਵਿਸ਼ੇ ਤੇ ਸੈਮੀਨਾਰ ਵਿਚ ਪੜ੍ਹਿਆ ਗਿਆ। ਇਸ ਅਧਿਐਨ ਅਨੁਸਾਰ ਕਰਜ਼ੇ ਲੈ ਕੇ ਧੰਦਾ ਸ਼ੁਰੂ ਕਰਨ ਤੋਂ ਬਾਦ ਕਮਜ਼ੋਰ ਵਰਗ ਗਰੀਬੀ ਦੀ ਰੇਖਾ ਤੋਂ ਉਪਰ ਆ ਗਏ ਹਨ। ਇਸ ਅਨੁਸਾਰ ਸਭ ਤੋਂ ਲਾਹੇਵੰਦ ਧੰਦਾ ਮੱਝਾਂ ਦਾ ਹੈ ਆਧਾਰਤ ਹੈ। ਸ਼ਾਇਦ ਇਥੇ ਸਫਲਤਾ ਦਾ ਭੇਦ ਮੁਕਾਬਲਤਨ ਸ਼ਹਿਰਾਂ ਦੇ ਨੇੜੇ ਹੋਣਾ ਹੈ।

39 (ੲ) Samuel Paul and Ashok Subramanian. Development Programmes for the poor. Do strategies make difference. EPW March 5, 83 ਇਹ ਲੇਖ ਕੇਂਦਰ ਜਾਂ ਸੂਬਾ ਸਰਕਾਰਾਂ ਵਲੋਂ 'ਗਰੀਬ ਵਰਗਾਂ' ਵਾਸਤੇ ਸ਼ੁਰੂ ਕੀਤੇ 8 ਪ੍ਰੋਗਰਾਮਾਂ ਦੇ ਅਧਿਐਨ ਤੇ ਆਧਾਰਤ ਹੈ। ਲੇਖਕ ਅਨੁਸਾਰ ਜੇ ਲਾਭਕਾਰਾਂ ਦੀਆਂ ਲੋੜਾਂ ਤੇ ਵਿਸ਼ੇਸ਼ਤਾਵਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਅਤੇ ਉਨ੍ਹਾਂ ਅਨੁਸਾਰ ਸੇਵਾਵਾਂ ਪ੍ਰਦਾਨ ਕੀਤੀਆਂ ਜਾਣ, ਜੇ ਉਨ੍ਹਾਂ ਲਈ ਲੋੜੀਂਦਾ ਕੱਚਾ ਮਾਲ ਵਾਜਬ ਕੀਮਤਾਂ ਤੇ ਖਰੀਦਣ ਦਾ ਤੇ ਉਨ੍ਹਾਂ ਵਲੋਂ ਪੈਦਾ ਕੀਤਾ ਕੱਚਾ ਮਾਲ ਠੀਕ ਕੀਮਤਾ ਤੇ ਵੇਚਣ ਦਾ ਪ੍ਰਬੰਧ ਕੀਤਾ ਜਾਏ, ਜੇ ਪ੍ਰੋਗ੍ਰਾਮ ਇਸ ਤਰ੍ਹਾਂ ਘੜੇ ਜਾਣ ਕਿ ਪਿੰਡ ਦੀਆਂ ਅਮੀਰ ਜਮਾਤਾਂ ਫ਼ਾਇਦੇ ਨਾ ਲੈ ਸਕਣ, ਜੇ ਸੰਬੰਧਤ ਅਧਿਕਾਰੀ ਲਾਭਕਾਰਾਂ ਦੀ ਚੋਣ ਪਿੰਡ ਵਿਚ ਆ ਕੇ ਲਾਭਕਾਰਾਂ ਅਤੇ ਹੋਰ ਲੋਕਾਂ ਤੋਂ ਮਿਲੀ ਸੂਚਨਾ ਦੇ ਅਧਾਰ ਤੇ ਕਰਨ, ਜੇ ਕਰਜ਼ੇ ਲੈਣ ਵਿਚ ਆਉਂਦੀਆਂ ਤਕਨੀਕੀ ਅਤੇ ਸੰਸਥਾਈ ਦੁੱਚਰਾਂ ਨੂੰ ਦੂਰ ਕੀਤਾ ਜਾਵੇ ਅਤੇ ਜੇ ਲਾਭਕਾਰ ਜਥੇਬੰਦ ਹੋ ਕੇ ਇਨ੍ਹਾਂ ਪ੍ਰੋਗ੍ਰਾਮਾਂ ਵਿਚ ਹਿੱਸਾ ਲੈਣ ਤਾਂ, ਜਾਇਦਾਦ ਦੀ ਵੰਡ ਵਿਚ ਬੁਨਿਆਦੀ ਤਬਦੀਲੀ ਲਿਆਂਦੇ ਤੋਂ ਬਿਨਾਂ ਵੀ, ਅਜੋਕੇ ਢਾਂਚੇ ਵਿਚ 'ਕਮਜ਼ੋਰ ਵਰਗਾਂ' ਨੂੰ, ਘੱਟ ਤੋਂ ਘੱਟ, ਥੋੜ੍ਹੇ ਸਮੇਂ ਲਈ ਤਾਂ ਫ਼ਾਇਦਾ ਹੋ ਹੀ ਸਕਦਾ ਹੈ।

40. Prabhjot Singh. "The Houses that PHDB Built". The Tribune. Nov. 11, 80.

41. ਪੰਜਾਬੀ ਟ੍ਰਿਬਿਊਨ. ਅਕਤੂਬਰ 2, 82. "ਪਲਾਟਾਂ ਨੂੰ ਅਲਾਟ ਕਰਨ ਬਾਰੇ ਤਜਵੀਜ਼"।

42. ਹਰਬੰਸ ਸਿੰਘ ਵਿਰਕ. "ਪੀਲੇ ਕਾਰਡਾਂ ਵਿਚ ਘਪਲਾ" ਅਕਾਲੀ ਪਤ੍ਰਿਕਾ. ਸਿਤੰਬਰ 12, 81. ਜ਼ਿਮੀਂਦਾਰਾਂ ਦੇ ਪੱਤਰਕਾਰ ਨੁਮਾਇੰਦੇ ਤਾਂ 20 ਕਿੱਲੇ ਵਾਲੇ ਜ਼ਿਮੀਂਦਾਰ ਨੂੰ ਵੀ ਪੀਲੇ ਕਾਰਡ ਦਾ ਹੱਕ ਦੇਣਾ ਚਾਹੁੰਦੇ ਹਨ।

43. ਮਹਿੰਦਰ ਸਿੰਘ "ਖੰਡ ਵਿਕਾਸ ਪ੍ਰਸ਼ਾਸਨ ਅਤੇ ਦਿਹਾਤੀ ਗਰੀਬ ਵਰਗ" ਪੰਜਾਬੀ ਟ੍ਰਿਬਿਊਨ, ਅਕਤੂਬਰ 16, 81.

44. ਨਵਾਂ ਜ਼ਮਾਨਾ, ਅਕਤੂਬਰ 19-20, 82.

45. ਰੁਲਦੂ ਖਾਂ, "ਖੇਤ ਮਜ਼ਦੂਰਾਂ ਲਈ ਅੱਜ ਦੀ ਲੋੜ ਸਰਬਪੱਖੀ ਕਾਨੂੰਨ" (ਪੈਮਫਲੈਟ).

46. R.S. Dhaliwal and S.S.Grewal "Income and Employment of Agricultural Labourers in Punjab. ਇਹ ਲੇਖ ਜੁਲਾਈ 1—2, 81 ਨੂੰ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਵਿਖੇ ਹੋਏ 'Structure of Employment and Wages in Rural India' ਦੇ ਵਿਸ਼ੇ ਤੇ ਸੈਮੀਨਾਰ ਵਿਚ ਪੜ੍ਹਿਆ ਗਿਆ। ਇਹ ਅਧਿਐਨ ਪੰਜਾਬ ਦੇ 22 ਪਿੰਡਾਂ ਵਿਚੋਂ 198 ਖੇਤ-ਮਜ਼ਦੂਰ ਘਰਾਂ ਦੇ ਨਮੂਨੇ 'ਤੇ ਅਧਾਰ੍ਤ ਹੈ। ਹੇਠ ਲਿਖੀ ਸਾਰਣੀ ਰਾਹੀਂ ਇਹ ਅਧਿਐਨ ਖੇਤ ਮਜ਼ਦੂਰਾਂ ਦੀ ਰੁਜ਼ਗਾਰ ਪੁਜ਼ੀਸ਼ਨ ਤੇ ਚਾਨਣਾ ਪਾਉਂਦਾ ਹੈ।

Sources of Income of Agricultural Labour Households In Punjab (1977-1978)

| Sr No. | Sources of Income) | Income |
|---|---|---|
| 1. | Wage employment | 3842.93 (82.64) |
| | a) Agricultural | 3709.16 (96.52) |
| | b) Non-Agricultural | 133.77 (3.48) |
| 2. | Self employment | 807.21 (17.36) |
| | a) Cattle rearing | 712.34 (88.25) |
| | b) Others | 94.87 (11.75) |
| 3. | Total | 4650.14 |

Note : Figures in Perenttheses are Percentages.

47. (ੳ) ਅਕਾਲੀ ਪ੍ਰਤਿਕਾ, ਅਕਤੂਬਰ 6,82 **ਸਰਕਾਰ ਵਲੋਂ ਨਿਸਚਤ ਹੋਈਆਂ ਉਜਰਤਾਂ ਦਾ ਵਿਰੋਧ**

(ਅ) ਪੰਜਾਬ ਦਿਹਾਤੀ-ਮਜ਼ਦੂਰ ਸਭਾ ਦੇ ਦੋਣ ਕਲਾਂ ਸਮਾਗਮ ਵਿੱਚ ਬਠਿੰਡਾ ਜ਼ਿਲਾ ਦੇ ਆਗੂ ਗੁਲਾਬ ਖ਼ਾਂ ਨੇ ਕਿਹਾ ਕਿ ਜਦੋਂ ਸਮਾਗਮਾਂ ਵਿੱਚ 'ਘੱਟੋ-ਘੱਟ ਉਜਰਤਾਂ' ਨੂੰ ਲਾਗੂ ਕਰਨ ਦਾ ਮਸਲਾ ਉਠਦਾ ਹੈ ਤਾਂ ਉਹ ਚੁੱਪ ਕਰ ਕੇ ਆਰਾਮ ਨਾਲ ਬੈਠ ਜਾਂਦੇ ਹਨ ਕਿਉਂਕਿ ਬਠਿੰਡੇ ਦੇ ਇਲਾਕੇ ਵਿੱਚ ਮਜ਼ਦੂਰੀ 'ਘੱਟੋ ਘੱਟ ਬੰਨ੍ਹੀ ਮਜ਼ਦੂਰੀ' ਤੋਂ ਅੱਗੇ ਹੀ ਰਹਿੰਦੀ ਹੈ।

48. ਪੰਜਾਬੀ ਟ੍ਰਿਬਿਊਨ ਅਪਰੈਲ 19,82. **ਥਰੈਸ਼ਰ ਹਾਦਸੇ ਮਜ਼ਦੂਰ ਹੱਥਾਂ ਦੇ ਵੈਰੀ** (ਬੀ ਐਸ ਭਾਟੀਆ, ਫਾਰਮ ਪਾਵਰ ਤੇ ਮਸ਼ੀਨਰੀ ਮਾਹਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਦੇ ਅਧਿਐਨ ਤੇ ਅਧਾਰਿਤ)

49. ਪੰਜਾਬੀ ਟ੍ਰਿਬਿਊਨ **ਅਕਤੂਬਰ 14,82 ਖੇਤ-ਮਜ਼ਦੂਰ 19 ਅਕਤੂਬਰ ਨੂੰ ਹੜਤਾਲ ਕਰਨ ਲਈ ਦ੍ਰਿੜ**

50. D. R. Ahuja. "No Takers for Fair Price Shops." The Tribune. July 14, 82.

51. ਮਾਸਟਰ ਹਰੀ ਸਿੰਘ— **ਰਾਜਪਾਲ ਦਾ ਭਾਸ਼ਨ ਤੇ ਪੇਂਡੂ ਗਰੀਬ** ਨਵਾਂ ਜ਼ਮਾਨਾ ਫਰਵਰੀ 2,81

52. ਮਾਸਟਰ ਹਰੀ ਸਿੰਘ ਦੀ ਖੇਤ-ਮਜ਼ਦੂਰ ਘੋਲਾਂ ਦੇ ਇਤਿਹਾਸ ਬਾਰੇ ਲਿਖੀ ਕਿਤਾਬ ਅਜਿਹੀ ਇਕ ਵਧਿਆ ਉਦਾਹਰਣ ਹੈ। ਇਸ ਕਿਤਾਬ ਨੂੰ ਪੰਜਾਬ ਦੇ ਖੇਤ ਮਜ਼ਦੂਰਾਂ ਦਾ ਸਰਕਾਰ ਵਿਰੁੱਧ ਆਰਥਕ ਘੋਲਾਂ ਦਾ ਇਤਿਹਾਸ' ਕਹਿਣਾ ਅਤਿ ਕਥਨੀ ਨਹੀਂ ਹੋਵੇਗੀ।

53. (ੳ) O. P. Cit. Master Hari Singh. Agricultural Workers Struggle.

(ਅ) ਲੋਕ ਲਹਿਰ, ਅਕਤੂਬਰ 15, 81 'ਕੁਲ ਹਿੰਦ ਖੇਤ ਮਜ਼ਦੂਰ ਯੂਨੀਅਨ ਸਥਾਪਤ".

(ੲ) "ਪੰਜਾਬ ਦਿਹਾਤੀ ਮਜ਼ਦੂਰ ਯੂਨੀਅਨ ਦਾ ਐਲਾਨਨਾਮਾ ਤੇ ਵਿਧਾਨ" (ਖਰੜਾ)

(ਸ) ਖੇਤ ਮਜ਼ਦੂਰ ਯੂਨੀਅਨ ਐਲਾਨਨਾਮਾ ਤੇ ਵਿਧਾਨ (ਅਪ੍ਰਕਾਸ਼ਿਤ)

ਸਾਰੀਆਂ ਕਮਿਊਨਿਸਟ ਪਾਰਟੀਆਂ ਬਾਰੇ ਕਹੀਆਂ ਗੱਲਾਂ ਮੁੱਖ ਤੌਰ ਤੇ ਉਪਰੋਕਤ ਸਾਧਨਾਂ ਤੇ ਅਧਾਰਤ ਹਨ।

54. (ੳ) O. P. Cit. Master Hari Singh. Agricultural Workers Struggle —p. 11.

(ਅ) ਗੁਰਚਰਨ ਸਿੰਘ ਰੰਧਾਵਾ "ਪੈਪਸੂ ਦੀ ਮੁਜ਼ਾਰਾ ਲਹਿਰ" ਲੋਕ ਲਹਿਰ, ਜਨਵਰੀ 11, 81.

55. ਸੱਤਪਾਲ ਡਾਂਗ ਕਿਸਾਨਾਂ ਲਈ ਲਾਹੇਵੰਦ ਕੀਮਤਾਂ ਤੇ ਖਪਤਕਾਰ, ਨਵਾਂ ਜ਼ਮਾਨਾ, ਦਸੰਬਰ 7, 80. ਇਸ ਵਿਸ਼ੇ ਤੇ ਡਾਂਗ ਗੱਲ ਤਾਂ ਠੀਕ ਕਰਦਾ ਹੈ। ਇਸ ਲੇਖ ਦਾ ਸਾਰ ਹੇਠ ਦਿੱਤਾ ਜਾਂਦਾ ਹੈ।

"ਕਈ ਖਪਤਕਾਰ ਇਕ ਹੋਰ ਗਲ ਪੁਛਦੇ ਹਨ ਕਿ 'ਅਸੀਂ ਇਸ ਗੱਲ ਨਾਲ ਸਹਿਮਤ ਹਾਂ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਵਾਜਬ ਅਤੇ ਲਾਹੇਵੰਦ ਭਾਅ ਮਿਲਣੇ ਚਾਹੀਦੇ ਹਨ। ਪਰ ਕੀ ਇਹ ਸੱਚ ਨਹੀਂ ਕਿ ਕੁਝ ਲੋਕ ਇਹੋ ਜਿਹੇ ਭਾਵਾਂ ਨਾਲੋਂ ਵੀ ਕਾਫੀ ਵੱਧ ਭਾਅ ਮੰਗ ਰਹੇ

ਹਨ' । ਇਹ ਗੱਲ ਬਿਲਕੁਲ ਗਲਤ ਨਹੀਂ । ਸਾਧਾਰਣ ਗਰੀਬ ਅਤੇ ਦਰਮਿਆਨੇ ਕਿਸਾਨ ਮਿਹਨਤਕਸ਼ ਹਨ। ਉਹ ਲਾਹੇਵੰਦ ਭਾਅ ਮੰਗਦੇ ਹਨ ਗ਼ੈਰ-ਵਾਜਬ ਮੁਨਾਫ਼ਾ-ਖੋਰੀ ਦੀ ਉਹ ਸੋਚ ਵੀ ਨਹੀਂ ਸਕਦੇ। ਪਰ ਵੱਡੇ ਫਾਰਮਾਂ ਦੇ ਮਾਲਕ ਹੋਰ ਕਿਸਮ ਦੀ ਜ਼ਹਿਨੀਅਤ ਦੇ ਮਾਲਕ ਬਣ ਗਏ ਹਨ। ਉਹ ਇਹ ਦਲੀਲ ਵੀ ਦਿੰਦੇ ਹਨ ਕਿ ਜੇ ਸਨਅਤੀ ਸਰਮਾਏਦਾਰਾਂ ਨੂੰ ਬਹੁਤ ਜ਼ਿਆਦਾ ਮੁਨਾਫ਼ਾ ਕਮਾਉਣ ਦਾ ਹੱਕ ਹੈ ਤਾਂ ਉਹ ਵੀ ਕਿਉਂ ਨਾ ਵੱਧ ਤੋਂ ਵੱਧ ਨਫ਼ਾ ਕਮਾਉਣ ..ਸਾਡੇ ਦੇਸ਼ ਦੀ ਇਨਕਲਾਬੀ ਕਿਸਾਨ ਲਹਿਰ ਅਤੇ ਖੱਬੀਆਂ ਪਾਰਟੀਆਂ ਇਸ ਦਲੀਲ ਦੇ ਖਤਰਨਾਕ ਤੱਤ ਤੋਂ ਅਣਜਾਣ ਨਹੀਂ।"

ਪਰ ਸੁਆਲ ਹੈ ਕਿ ਜੋ ਕਮਿਊਨਿਸਟ ਗੱਲਾਂ ਬਾਤਾਂ ਵਿਚ ਕਹਿੰਦੇ ਹਨ ਕੀ ਉਹਨੂੰ ਅਮਲ ਵਿਚ ਲਾਗੂ ਕਰ ਸਕਦੇ ਹਨ। ਅਮਲ ਵਿਚ ਉਹ ਜ਼ਿਮੀਂਦਾਰਾਂ ਵਿਚ ਹਰਮਨ ਪਿਆਰੇ ਹਨ ਜਿਹੜੇ 'ਸਨਅਤੀ ਸਰਮਾਏਦਾਰਾਂ ਜਿੰਨੇ ਮੁਨਾਫ਼ੇ ਕਮਾਉਣ' ਦੀ ਦਲੀਲ ਦੇ ਅਧਾਰ ਤੇ ਬਹੁਤ ਉੱਚੇ ਭਾਅ ਮੰਗਦੇ ਹਨ। ਕਮਿਊਨਿਸਟਾਂ ਵਲੋਂ ਅਜਿਹੇ ਘੋਲ ਘੱਟ ਲੜੇ ਜਾਂਦੇ ਹਨ ਜਿਨ੍ਹਾਂ ਦਾ ਮੁੱਖ ਤੌਰ ਤੇ ਫਾਇਦਾ ਗਰੀਬ ਕਿਸਾਨੀ ਨੂੰ ਹੋਵੇ ਤੇ ਇਸ ਫਾਇਦੇ ਦਾ ਬੋਝ ਸਨਅਤੀ ਸਰਮਾਏਦਾਰਾਂ ਅਤੇ ਸਰਕਾਰੀ ਖਜ਼ਾਨੇ 'ਤੇ ਪਵੇ। ਇਨਕਲਾਬੀ ਸੂਝ ਪੈਦਾ ਕਰਨ ਦਾ ਕੰਮ ਵੀ ਢਿੱਲਾ ਰਿਹਾ ਹੈ। ਇਹੀ ਕਾਰਨ ਹੈ ਕਿ 1947 ਤੋਂ ਪਹਿਲ ਜਿਹੜੀ ਸਿੱਖ ਕਿਸਾਨੀ ਕਮਿਊਨਿਸਟਾਂ ਨਾਲ ਸੀ, ਨੂੰ ਬਾਅਦ ਵਿੱਚ ਅਕਾਲੀਆਂ ਮਗਰ ਲੱਗਣ ਵਿੱਚ ਕੋਈ ਦਿਕੱਤ ਨਹੀਂ ਆਈ।

56. ਨਵਾਂ ਜ਼ਮਾਨਾ, ਮਾਰਚ 23,80. "ਖੇਤ ਮਜ਼ਦੂਰ ਜਥੇਬੰਦੀਆਂ ਦਾ ਸਾਂਝਾ ਨਿਰਨਾ"

57. ਅਜਿਹੇ ਘੋਲਾਂ ਦੀਆਂ ਕੁਝ ਹੇਠ ਲਿਖੀਆਂ ਉਦਾਹਰਣਾਂ ਹਨ—(ੳ)ਗੂੰਜਾਂ ਨਵੰਬਰ-ਦਸੰਬਰ, 1981. "ਪੇਂਡੂ ਮਜ਼ਦੂਰ ਯੂਨੀਅਨ ਵਲੋਂ ਘੋਲ।

(ਅ) ਪਰਚੰਡ ਅਕਤੂਬਰ 82, "ਪੇਂਡੂ ਮਜ਼ਦੂਰ ਯੂਨੀਅਨ ਜ਼ਿਲਾ ਬਠਿੰਡਾ ਦੀਆਂ ਸਰਗਰਮੀਆਂ ਦੀ ਰਿਪੋਰਟ"

(ੲ) Aminder Pal Singh. "Farm Workers V S. Rich Peasants. E P W Oct. 27, 79.

(ਸ) Aminder Pal Singh. "Agricultural Labourers' Agitations in a Punjab Village. (Unpublished)

58. A. M. Laranzo. "Agricultural Labourers' Conditions in Northern India." Bombay, New Books Company, P 151

59. Bipan Chandra. "The Problem of Poverty and Indian National Leadership, 1880-1905 Enquiry Monsoon, 1964 ਬਿਪਨ ਚੰਦਰ ਅਨੁਸਾਰ ਭਾਰਤੀ ਰਾਸ਼ਟਰੀ ਲੀਡਰਸ਼ਿਪ ਆਪਣੇ ਸ਼ੁਰੂ ਦੇ ਸਾਲਾਂ ਵਿੱਚ ਜਮਾਤਾਂ ਨੂੰ ਨਹੀਂ ਸੀ ਮੰਨਦੀ। ਗਰੀਬੀ ਦਾ ਕਾਰਨ ਕਾਣੀਵੰਡ ਨਹੀਂ, ਘੱਟ ਪੈਦਾਵਾਰ ਦਾ ਹੋਣਾ ਸਮਝਦੀ ਸੀ।

60. ਅਕਾਲੀ ਪਤ੍ਰਿਕਾ ਸਿਤੰਬਰ 6,82. "ਕਾਂਗਰਸ (ੲ) ਹਰੀਜਨ ਸੈੱਲ ਦੇ ਬਲਾਕ ਯੂਨਿਟ ਹੋਣਗੇ।

61. ਪੰਜਾਬੀ ਟ੍ਰਿਬਿਊਨ, ਅਕਤੂਬਰ 5,82 "ਹਰੀਜਨ ਵਰਕਰਾਂ ਦਾ ਸਿਖਲਾਈ ਕੈਂਪ

62. ਏ. ਪੀ. ਸਿੰਘ ਸ਼ਿਰੋਮਣੀ ਅਕਾਲੀ ਦਲ (ਲ) ਅਤੇ ਖੇਤ ਮਜ਼ਦੂਰ ਸੰਘ ਜੁਲਾਈ 81. ਅਕਾਲੀ ਦਲ ਸੰਬੰਧੀ ਪੇਸ਼ ਕੀਤੇ ਵਿਚਾਰ ਮੁੱਖ ਤੌਰ 'ਤੇ ਇਸ ਲੇਖ 'ਤੇ ਆਧਾਰਤ ਹਨ।

63. ਕਈ ਅਕਾਲੀ ਲੀਡਰ ਆਪਣੇ ਭਾਸ਼ਨਾਂ ਵਿੱਚ ਜ਼ਾਤਪਾਤ ਦੇ ਵਿਰੁੱਧ ਬੋਲਦੇ ਸੁਣੇ ਜਾਂਦੇ ਹਨ। ਉਹ ਕਿਸਾਨੀ ਨੂੰ ਜ਼ਾਤਪਾਤ ਛੱਡਣ ਲਈ ਪ੍ਰੇਰਦੇ ਹਨ ਕਿਉਂਕਿ ਇਹ 'ਬ੍ਰਾਹਮਣਵਾਦੀ ਵਿਚਾਰਧਾਰਾ ਹੈ। ਪਰ ਇਹ ਉਨ੍ਹਾਂ ਲਈ ਮਹੱਤਵਪੂਰਣ ਮਸਲਾ ਨਹੀਂ ਕਿਉਂਕਿ ਜਿਸ ਖਾਂਦੀ-ਪੀਂਦੀ ਕਿਸਾਨੀ ਦੀ ਉਹ ਨੁਮਾਇੰਦਗੀ ਕਰਦੇ ਹਨ, ਉਸ ਨੂੰ ਤਾਂ ਜ਼ਾਤਪਾਤ ਦਾ ਫਾਇਦਾ ਹੀ ਫਾਇਦਾ ਹੈ।

64 Indian Express. August 4 81. "Dal (L) Panel for backward Classes.

65. Mark Juergensmeyer. Pelitical Origins of a Punjabi Lower Caste Religion. in Paul Wallace and Surendra Chopra (Editors) Political-Dynamics of Punjab. P 209-30

ਲੇਖ ਵਿਚਲੇ ਪੈਰੇ ਦੀ ਸਮੱਗਰੀ ਲਈ ਇਸ ਲਿਖਤ 'ਤੇ ਨਿਰਭਰ ਕੀਤਾ ਗਿਆ ਹੈ।

66. Dalit Voice Feb. 1—15, 1983 ਭਾਰਤ ਦੀਆਂ ਮੌਜੂਦਾ ਦਲਿਤ ਜਥੇਬੰਦੀਆਂ, ਲੀਡਰਾਂ, ਰਸਾਲਿਆਂ ਅਤੇ ਹੋਰ ਸਮਗਰੀ ਲਈ, ਦੇਖੋ Ambedkarities 1983 Diary.

67. (ੳ) ਇਨ੍ਹਾਂ ਨਵੀਆਂ ਜਥੇਬੰਦੀਆਂ ਦੀ ਵਿਚਾਰਧਾਰਾ ਅਨੁਸਾਰ ਉਨ੍ਹਾਂ ਸਮਾਜਕ ਸੰਬੰਧਾਂ ਨੂੰ ਜਮਾਤੀ ਪਹੁੰਚ ਰਾਹੀਂ ਨਹੀਂ ਬਦਲਿਆ ਜਾ ਸਕਦਾ ਜਿਹੜੇ ਰੱਬੀ ਵਹਿਮ 'ਚੋਂ ਜਨਮਦੇ ਹਨ ਅਤੇ ਜਿਨ੍ਹਾਂ ਨੂੰ

ਲੋਟੂ ਤੇ ਲੁੱਟੇ ਜਾਣ ਵਾਲੇ ਨਿਮਾਣੇ ਹੋ ਕੇ ਮੰਨਦੇ ਹਨ; ਇਹ ਸੰਬੰਧ ਪੈਦਾਵਾਰੀ ਸੰਬੰਧਾਂ ਤੋਂ ਆਜ਼ਾਦ ਹੁੰਦੇ ਹਨ ਕਿਉਂਕਿ ਇਹ ਰੱਬੀ ਵਹਿਮ ਤੇ ਅਧਾਰਿਤ ਹੁੰਦੇ ਹਨ। ਜਮਾਤੀ ਪਹੁੰਚ ਦੇ ਵਿਰੁੱਧ ਏਥੇ ਸਮਾਜਕ ਲੁੱਟ ਆਰਥਕ ਅਤੇ ਰਾਜਨੀਤਕ ਲੁੱਟ ਨੂੰ ਜਨਮ ਦਿੰਦੀ ਹੈ। ਇਕੋ ਹੀ ਜਮਾਤ ਵਿੱਚ (ਉਦਾਹਰਣ ਲਈ ਮਜ਼ਦੂਰ ਜਮਾਤ) ਵਿੱਚ ਉੱਚੀਆਂ ਤੇ ਨੀਵੀਆਂ ਜ਼ਾਤਾਂ ਵਿਚਕਾਰ ਟੱਕਰ ਹੁੰਦੀ ਹੈ। ਇਹ ਗੱਲ ਓਪਰੀ ਜਮਾਤੀ ਪਹੁੰਚ ਨੂੰ ਮਨਜ਼ੂਰ ਨਹੀ। ਇਹ ਭਾਰਤੀ ਸਮਾਜ ਦੀ ਖਾਸ ਵਿਸ਼ੇਸ਼ਤਾ ਹੈ। ਜ਼ਾਤੀ ਤੇ ਜਮਾਤੀ ਪਹੁੰਚ ਆਪਣੇ ਆਪ ਵਿੱਚ ਉਲਟ ਵਿਚਾਰ-ਧਾਰਾਵਾਂ ਨਹੀਂ। ਜ਼ਾਤੀ ਸੰਘਰਸ਼ ਦੇ ਵਿੱਚੋਂ ਲੰਘੇ ਬਿਨਾਂ ਜਮਾਤੀ ਸੰਘਰਸ਼ ਨਹੀਂ ਕੀਤਾ ਜਾ ਸਕਦਾ। N.D. Kamble."The Scheduled castes" New Delhi, Ashish, 1982 P. 168-69

(ਅ) Moin Shakir. "Beyond the System. E P W, April 20, 1974 ਇਸ ਲੇਖ ਵਿੱਚੋਂ ਦਲਿਤ ਵਿਚਾਰਧਾਰਾ ਦੇ ਇਸ ਨਵੇਂ ਝੁਕਾਅ ਤੇ ਹੋਰ ਸਮਗਰੀ ਮਿਲ ਸਕਦੀ ਹੈ।

68 (ੳ) "Dalit Voice" [The Voice of the Persecuted Minorities] ਇਹ ਪੰਦਰਵਾੜਾ ਰਸਾਲਾ ਇਸ ਰੁਝਾਨ 'ਤੇ ਵਧੀਆ ਸਮੱਗਰੀ ਦਿੰਦਾ ਹੈ।

(ਅ) ਪੰਜਾਬ ਰਾਜਨੀਤੀ ਸੰਬੰਧੀ ਇਸ ਰਸਾਲੇ ਵਲੋਂ ਮੁਕਾਬਲਤਨ ਮੋਟੀ ਸੁਰਖੀ ਹੇਠਾਂ ਛਾਪੀ ਹੇਠਲੀ ਇਕ ਖਬਰ ਇਸ ਰੁਝਾਨ 'ਤੇ ਹੋਰ ਰੋਸ਼ਨੀ ਪਾਉਂਦੀ ਹੈ।

Dalit Voice Nov 1-15, 82 :—

Amritsar: Akali Dal(L)Chief H. S. Longowal said here that he would start a joint front of Muslims, Sikhs. Christians and other minorites to fight the rising atrocities against minorities in India He thanked Shahi Imam of Jama Masjid, Delhi for visiting Amritsar at his invitation and offering full suppart to the sikhs' struggle. The Shahi Imam said he wanted the unity of all minorities. (Statesman Oct 11-12,82) Meanwhile, Jagjiwan Ram has offered full support to the Sikhs and said dalits would stand by the Sikhs. This was the first sign of unity of the dalits and minorities in India.

69. ਪੰਜਾਬੀ ਟ੍ਰਿਬਿਊਨ ਦਿਸੰਬਰ 2 81. 'ਪੰਜਾਬ ਰੀਪਬਲਿਕਨ ਪਾਰਟੀ ਦਾ ਮੰਗ-ਪੱਤਰ

70. (ੳ) Mark Juergensmeyer ' Cultures of Deprivation. Three Case studies in Punjab" E P w. Annual Number Feb 79.

(ਅ) G. Naryana. "Social Back-Ground of Scheduled Caste Lok Sabha members, 1962-71. E P w Sept. 16.78

ਅਨੁਸੂਚਿਤ ਕਬੀਲਿਆਂ ਤੇ ਆਮ ਲੋਕਾਂ ਦੇ ਲੋਕ-ਸਭਾ ਮੈਂਬਰਾਂ ਤੇ ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦੇ ਹਨ ਉਨ੍ਹਾਂ ਲੋਕਾਂ ਵਿਚਾਲੇ ਫ਼ਰਕ ਨਾਲੋਂ, ਅਨੁਸੂਚਿਤ ਜਾਤਾਂ ਦੇ ਲੋਕ ਸਭਾ ਮੈਂਬਰਾਂ ਤੇ ਜਿਨ੍ਹਾਂ ਦੀ ਉਹ ਪ੍ਰਤੀਨਿਧਤਾ ਕਰਦੇ ਹਨ ਉਨ੍ਹਾਂ ਲੋਕਾਂ, ਵਿਚਾਲੇ ਫਰਕ ਜ਼ਿਆਦਾ ਹੈ। ਸਮਾਂ ਬੀਤਣ ਨਾਲ ਅਨੁਸੂਚਿਤ ਜਾਤਾਂ ਅਤੇ ਆਮ ਲੋਕਾਂ ਦੇ ਲੋਕ ਸਭਾ ਮੈਂਬਰ ਵਿਚਾਲੇ ਫਰਕ ਕਾਫੀ ਹੱਦ ਤਕ ਖਤਮ ਹੋ ਰਿਹਾ ਹੈ।

ਭਾਰਤ ਵਿਚ ਅਨੁਸੂਚਿਤ ਜਾਤਾਂ ਨਾਲ ਸੰਬੰਧਤ ਲੋਕ ਮੁੱਖ ਤੌਰ ਤੇ ਖੇਤੀਬਾੜੀ 'ਤੇ ਨਿਰਭਰ ਹਨ ਜਿਨ੍ਹਾਂ 'ਚੋਂ ਬਹੁਤੇ ਖੇਤ-ਮਜ਼ਦੂਰ ਹਨ। ਪਰ ਅਨੁਸੂਚਿਤ ਜਾਤਾਂ ਦੇ ਲੋਕ-ਸਭਾ ਮੈਂਬਰਾਂ ਵਿਚੋਂ ਖੇਤੀਬਾੜੀ ਨਾਲ ਸੰਬੰਧਤ ਮੈਂਬਰ ਲਗਭਗ ਤੀਜਾ ਹਿੱਸਾ ਬਣਦੇ ਹਨ। ਉਨ੍ਹਾਂ 'ਚੋਂ ਕੋਈ ਖੇਤ-ਮਜ਼ਦੂਰ ਨਹੀਂ, ਸਾਰੇ ਕੁਝ ਏਕੜ ਜ਼ਮੀਨ ਤੋਂ ਲੈ ਕੇ 100 ਏਕੜ ਜ਼ਮੀਨ ਤਕ ਦੀ ਮਾਲਕੀ ਰਖਦੇ ਹਨ।

71. Mark Juergensmeyer Cultures of Deprivation : Three care Studies in Punjab. E P W. Annual Number. Feb. 79

72. Indian Express May 4,82. Importance of Caste increasing : Mandal Panel

ਮੰਡਲ ਕਮੀਸ਼ਨ ਅਨੁਸਾਰ ਜ਼ਾਤਪਾਤ ਸੰਬੰਧੀ ਅੰਗਰੇਜ਼ਾਂ ਤੇ ਬਾਅਦ ਵਿੱਚ ਕਾਂਗਰਸ ਦੁਆਰਾ ਕਾਨੂੰਨ ਬਣਾਉਣ ਸ਼ਹਿਰੀਕਰਣ ਹੋਣ, ਉਦਯੋਗੀਕਰਣ ਹੋਣ, ਪੜ੍ਹਾਈ ਲਿਖਾਈ ਦੇ ਵਧਣ ਤੇ ਰਾਜਨੀਤਕ ਚੋਣਾਂ ਦੇ ਸ਼ੁਰੂ ਹੋਣ ਨਾਲ ਜ਼ਾਤਪਾਤ ਦੀਆਂ ਪੁਰਾਣੀਆਂ ਰੋਕਾਂ ਢਿੱਲੀਆਂ ਪਈਆਂ ਹਨ। ਪਰ ਦੂਸਰੇ ਪਾਸੇ ਭਾਰਤੀ ਰਾਜਨੀਤੀ ਵਿੱਚ ਜ਼ਾਤਪਾਤ ਦੀ ਮਹੱਤਤਾ ਕਿਤੇ ਵਧ

ਗਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਹ ਹੋਰ ਵਧੇਗੀ।

73. ਕਮਿਊਨਿਸਟ ਪਾਰਟੀਆਂ (ਖਾਸ ਤੌਰ ਤੇ ਸੀ. ਪੀ. ਆਈ, ਤੇ ਸੀ. ਪੀ. ਐਮ.) ਬੁਰਜੂਆ ਪਾਰਟੀਆ ਵਿੱਚ ਕਿਸੇ ਅਤਿਵਾਦੀ ਜਾਂ ਪਿਛਾਂਹ-ਖਿੱਚੂ ਨੂੰ ਤਾਂ ਬੜੇ ਧਿਆਨ ਨਾਲ ਨੋਟ ਕਰਦੀਆਂ ਹਨ ਅਤੇ ਉਸ ਵਿਰੁੱਧ ਪ੍ਰਚਾਰ ਵੀ ਕਰਦੀਆਂ ਹਨ। ਪਰ ਰਾਜਨੀਤੀ ਵਿੱਚ ਬੁਰਜੂਆ ਪਾਰਟੀਆਂ ਦੁਆਰਾ ਜ਼ਾਤਪਾਤ ਦੀ ਖੁੱਲ੍ਹੀ ਵਰਤੋਂ ਬਾਰੇ ਲਗਭਗ ਚੁੱਪ ਹੀ ਰਹਿੰਦੀਆਂ ਹਨ; ਇਸ ਦੇ ਉਲਟ ਉਨ੍ਹਾਂ ਦੇ ਇਕ ਹਿੱਸੇ ਨੂੰ ਨਰਮ-ਖਿਆਲੀਆ ਜਾਂ ਅਗਾਂਹ-ਵਧੂ ਮੰਨ ਕੇ. ਉਨ੍ਹਾਂ ਨਾਲ ਸਾਂਝ ਪਾਉਂਦੀਆਂ ਹਨ।

74. ਇਸ ਦਾ ਮੁੱਢਲਾ ਕਾਰਨ ਉਨ੍ਹਾਂ ਦੀ ਸਮਝ ਹੈ। ਉਹ ਪੈਦਾਵਾਰੀ ਰਿਸ਼ਤਿਆਂ ਦੇ ਨਾਲ ਨਾਲ ਜ਼ਾਤ-ਪਾਤ ਨੂੰ ਵੀ ਅਰਧ-ਜਗੀਰੂ ਮੰਨਦੀਆਂ ਹਨ। ਇਸ ਕਰ ਕੇ ਉਨ੍ਹਾਂ ਅਨੁਸਾਰ ਬੁਰਜੂਆ ਪਾਰਟੀਆ ਦਾ ਜ਼ਾਤ-ਪਾਤ ਤੇ ਅਰਧ-ਜਗੀਰੂ ਰਿਸ਼ਤਿਆਂ ਵਿੱਚ ਰੋਲ ਅਗਾਂਹ-ਵਧੂ ਹੈ।

75 B. R. Jindal and D. R. Arora. 'Agricultral Development and Inequality in Punjab.

The Economic Times. Feb 18, 83

ਇਸ ਅਧਿਐਨ ਅਨੁਸਾਰ ਪੰਜਾਬ ਦੇ ਪਿੰਡਾਂ ਵਿਚ ਹੇਠਲੇ 20% ਲੋਕਾਂ ਨੂੰ ਕੁਲ ਆਮਦਨ ਦਾ 3.81% ਮਿਲਿਆ ਅਤੇ ਇਸ ਦੇ ਉਲਟ ਉਪਰਲੇ 20% ਲੋਕਾਂ ਨੂੰ ਇਹੀ ਆਮਦਨੀ ਦਾ 57.8% ਮਿਲਿਆ। ਇਹ ਅਸਮਾਨਤਾ ਵੱਧ ਵਿਕਸਤ ਇਲਾਕਿਆਂ ਵਿੱਚ ਜ਼ਿਆਦਾ ਹੈ ਅਤੇ ਘੱਟ ਵਿਕਸਤ ਇਲਾਕਿਆਂ ਵਿਚ ਘੱਟ ਹੈ।

76 (ੳ) Arvind N Das Agrarian Unrest and Socio-Economic Change, 1900-1980. New Delhi, Manohar 1983. P. 297. ਅਜਿਹੇ ਹੀ ਸਿੱਟੇ ਤੇ ਅਰਵਿੰਦ ਐਨ. ਦਾਸ ਬਿਹਾਰ ਦੇ ਜ਼ਰਾਇਤੀ ਇਤਿਹਾਸ ਦੇ ਅਧਿਐਨ ਰਾਹੀਂ ਪਹੁੰਚਿਆ।

(ਅ) The Economic Times. Mar. 23, 83. Farm Income-tax ruled out. ਇਸ ਸਬੰਧ ਵਿਚ ਇਹ ਤਾਜ਼ਾ ਖਬਰ ਵਰਣਨਯੋਗ ਹੈ। ਭਾਰਤ ਦੇ ਵਿਤ ਮੰਤਰੀ ਅਨੁਸਾਰ ਭਾਵੇਂ ਖੇਤੀਬਾੜੀ ਤੋਂ ਆਮਦਨ ਦੇਸ ਦੀ ਕੁਲ ਜੀ. ਐਨ. ਪੀ ਦਾ ਲਗਭਗ 50% ਬਣਦੀ ਹੈ। ਪਰ ਇਸ ਤੇ ਆਮਦਨੀ ਕਰ ਨਹੀ ਲਾਇਆ ਜਾ ਸਕਦਾ ਕਿਉਂਕਿ ਕੋਈ ਵੀ ਸੂਬਾ ਸਰਕਾਰ ਇਸ ਲਈ ਨਹੀ ਮੰਨਦੀ।

77. ਹੋਰ ਗੈਰ-ਖੇਤੀਬਾੜੀ ਆਮਦਨੀ ਦੇ ਸਾਧਨਾਂ ਤੋਂ ਇਲਾਵਾ ਟਰੈਕਟਰ-ਟਰਾਲੀਆਂ ਵਾਲੇ ਕਿਸਾਨਾਂ ਦਾ ਪਿੰਡ, ਗੁਆਂਢੀ ਕਸਬੇ ਅਤੇ ਸ਼ਹਿਰ ਵਿਚ ਮਾਲ ਢਾਉਣ ਆਮਦਨੀ ਦਾ ਸਾਧਨ ਮਹਤਵਪੂਰਣ ਬਣਾਇਆ ਜਾ ਰਿਹਾ ਜਾਪਦਾ ਹੈ। ਹੇਠ ਲਿਖੀਆਂ ਅਖਬਾਰਾਂ ਦੀਆਂ ਖਬਰਾਂ ਇਸ ਸਬੰਧ ਵਿੱਚ ਸੰਕੇਤ ਦਿੰਦੀਆਂ ਹਨ।

1) ਨਵਾਂ ਜ਼ਮਾਨਾ ਫਰਵਰੀ 7, 83 ਅਹਿਮਦਗੜ੍ਹ ਵਿੱਚ ਟਰੱਕ ਅਤੇ ਟਰਾਲੀ ਯੂਨੀਅਨ ਵਿਚਕਾਰ ਝਗੜਾ ਟਲ ਗਿਆ।

2) ਅਕਾਲੀ ਪਤ੍ਰਿਕਾ ਫਰਵਰੀ 10, 83 ਧੂਰੀ ਟਰਾਲੀ ਯੂਨੀਅਨ ਦੇ ਪ੍ਰਧਾਨ ਗੁਰਦੇਵ ਸਿੰਘ ਨੇ ਟਰੱਕ-ਡਰਾਇਵਰਾਂ ਤੇ ਫਾਇਰ ਕੀਤੇ।

3) ਨਵਾਂ ਜ਼ਮਾਨਾ ਮਾਰਚ 1, 83 ਬਰਨਾਲਾ ਦੇ ਟਰੈਕਟਰ-ਟਰਾਲੀਆਂ ਵਾਲਿਆਂ ਨੇ ਯੂਨੀਅਨ ਬਣਾ ਲਈ ਹੈ।

4. ਪੰਜਾਬੀ ਟ੍ਰਿਬਿਊਨ ਮਾਰਚ 12, 83 ਸ਼ਾਹਕੋਟ (ਨਕੋਦਰ) ਵਿੱਚ ਯੂਨੀਅਨ ਤੇ ਟਰਾਲੀ ਯੂਨੀਅਨ ਵਿੱਚ ਝਗੜਾ।

5. Indian Express. Mar. 22, 83. Ropar. Tractor-trallies a traffic Hazard.

78. ਪੰਜਾਬੀ ਟ੍ਰਿਬਿਊਨ ਨਵੰਬਰ 25, 82. ਡੇਢ ਗੁਣਾ ਵੱਧ ਪੀਲੇ ਕਾਰਡ ਜਾਰੀ। ਇਸ ਸਬੰਧ ਵਿਚ ਇਹ ਉਦਾਹਰਣ ਵਰਣਨਯੋਗ ਹੈ। ਰਾਜ ਸਰਕਾਰ ਨੇ ਡਿਪਟੀ ਕਮਿਸ਼ਨਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਇਕ ਏਕੜ ਤੋਂ ਵੱਧ ਜਮੀਨ ਦੇ ਮਾਲਕ ਵਿਅਕਤੀਆਂ ਨੂੰ ਜਾਰੀ ਕੀਤੇ ਪੀਲੇ ਕਾਰਡ ਰੱਦ ਕਰ ਦੇਣ। ੦

---

ਕਹਾਣੀ

## ਮਾਂ ਤੇ ਬੱਚਾ

"ਕਿਸੇ ਨੇ ਵੀ ਨਹੀਂ ਦੇਖਿਆ" ਬਜੁਰਗ ਮਾਈ ਲੂਸੀ ਡਵਜ਼ ਨੇ ਕਿਹਾ, "ਮੇਰਾ ਖਿਆਲ ਹੈ ਕਿਸੇ ਨੇ ਵੀ ਨਹੀਂ ਦੇਖਿਆ, ਸਿਵਾਏ ਦਾਈ, ਡਾਕਟਰ ਤੇ ਓਹਦੇ ਆਦਮੀਂ ਤੋਂ ਉਹ ਕਹਿੰਦੇ ਹਨ ਕਿ ਉਹ ਕਿਸੇ ਨੂੰ ਅੰਦਰ ਨਹੀਂ ਆਉਣ ਦੇਵੇਗੀ। ਪਰ ਬੱਚਾ ਅਜੇ ਵੀ ਜੀਉ ਦਾ ਹੈ, ਕਿਉਂਕਿ ਮੌਲੀ ਰੌਨਸਨ ਨੇ ਉਸਨੂੰ ਰੋਂਦਿਆਂ ਸੁਣਿਆ ਸੀ। ਪਰ ਡਾਊਨਜਵੈਲ ਵਾਲੀ ਜ਼ਨਾਨੀ ਕਹਿੰਦੀ ਹੈ ਮੈਂ ਏਨਾਂ ਸਿਹਤਮੰਦ ਬੱਚਾ ਕਦੇ ਨਹੀਂ ਵੇਖਿਆ, ਜਿਹੜੀ ਕਿ ਜਣੇਪੇ ਵੇਲੇ ਉਥੇ ਮੌਜੂਦ ਸੀ।

"ਲਾਅਨਤ ਹੈ ਸਾਡੇ ਲਈ" ਨਰਸ ਵਿਗਨਜ਼ ਨੇ ਕਿਹਾ ਮੈਨੂੰ ਬਾਈ ਸਾਲ ਬੇਇਡ ਸੈਂਟਰ ਵਿਚ ਇਨਾਂ ਗੋਰਿਆਂ ਨਾਲ ਰਹਿੰਦਿਆਂ ਹੋ ਗਏ ਹਨ ਕਦੇ ਕੋਈ ਪ੍ਰੇਸ਼ਾਨੀ ਨਹੀਂ ਆਈ, ਜਿੰਨਾ ਚਿਰ ਇਹ ਬੱਚਾ ਨਹੀਂ

ਸੀ ਜੰਮਿਆ, ਤੇ ਹੁਣ ਦੇਖੋ...। ਦੇਖੀ ਚਲੋ ਕੀ ਹੁੰਦਾ ਹੈ...। ਲੋਕ ਭੇੜੀਆ ਵਾਲਾ ਵਰਤਾਓ ਕਰਦੇ ਹਨ।"

"ਵਿਚਾਰਾ ਬੱਚਾ।" ਇਸ ਦੁਨੀਆਂ 'ਚ ਆਏ ਨੂੰ ਹਫਤਾ ਵੀ ਨਹੀਂ ਹੋਇਆ" ਮਿਸਜ਼ ਸੈਮ ਜੋਨਜ਼ ਨੇ ਸਿਰ ਤੋ ਟੋਪੀ ਲਾਹੁੰਦਿਆਂ ਕਿਹਾ, 'ਤੇ ਤਰਥੱਲੀ ਲਿਆ ਦਿੱਤੀ, ਏਨਾਂ ਤੰਗ ਤਾਂ ਸਾਡੇ 'ਚੋਂ ਕਿਸੇ ਨੇ ਜ਼ਿੰਦਗੀ ਵਿਚ ਵੀ ਨਹੀਂ ਕੀਤਾ ਹੋਣਾ। ਮੈਂ ਇੱਥੇ ਜੰਮੀ ਸਾਂ ਕਦੇ ਵੀ ਗੋਰੇ ਹਥਿਆਰ ਲਈ ਫਿਰਦੇ ਨਹੀਂ ਸੀ ਤੱਕੇ, ਜਿਵੇਂ ਅੱਜ ਫਿਰਦੇ ਹਨ। ਖੈਰ! ਸਾਡਾ ਉਹ ਕੁਝ ਨਹੀਂ ਵਿਗਾੜ ਸਕਦੇ, ਕਿਉਂਕਿ ਸਾਡੀ ਆਪਣੀ ਜ਼ਮੀਨ ਹੈ, ਪੈਸਾ ਦੇ ਕੇ ਖਰੀਦੀ ਹੋਈ, ਸਾੜ੍ਹੇ ਬੱਚੇ ਵੀ ਪੜ੍ਹਾਈ ਕਰਦੇ ਹਨ। ਰੱਬ ਦਾ ਸ਼ੁਕਰ ਹੈ ਇਹ ਮਿਸਿੱਸਪੀ ਨਹੀਂ।"

"ਗੋਰੇ ਲੋਕ ਗੋਰੇ ਹੀ ਹਨ, ਚਾਹੇ ਉਹ ਉਤਰ 'ਚ ਹੋਣ ਚਾਹੇ ਦੱਖਣ ਵਿਚ।" ਲੂਸੀ ਡਵਜ਼ ਨੇ ਕਿਹਾ, "ਮੈਂ ਦੋਵਾਂ ਥਾਵਾਂ ਤੇ ਰਹੀ ਹਾਂ ਤੇ ਮੈਂ ਇਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ।"

"ਉਹ ਤਾਂ ਠੀਕ ਹੈ, ਪਰ ਜੇ ਅਸੀਂ ਹੁਣ ਮਿਸਿੱਸਪੀ ਵਿਚ ਹੁੰਦੇ ਤਾਂ ਡਗਲਸ ਨੂੰ ਹੁਣ ਤੱਕ ਕਤਲ ਕਰ ਦੇਣਾ ਸੀ।"

"ਡਗਲਸ ਹੈ ਕਿੱਥੇ ?" ਮੇਟੀ ਕਰੇਨ ਨੇ ਪੁਛਿਆ, "ਤੁਹਾਨੂੰ ਪਤਾ ਹੈ ਕਿ ਇਸ ਗੜਬੜ ਬਾਰੇ ਕੋਈ ਖ਼ਬਰ ਨਹੀਂ, ਉਸ ਫਾਰਮ ਦੇ ਪਿਛਲੇ ਪਾਸੇ ਜਿੱਥੇ ਮੈਂ ਰਹਿੰਦਾ ਸਾਂ ਕੁਝ ਵੀ ਪਤਾ ਨਹੀਂ ਲਗਦਾ, ਕਿਸ ਨੂੰ ਪਤਾ ਡਗਲਸ ਕਿੱਥੇ ਹੈ ?"

'ਡਗਲਸ ਇੱਥੇ ਹੀ ਹੈ! ਮੈਂ ਉਸ ਨੂੰ ਹੁਣੇ ਦੇਖਿਆ ਹੈ ਜਦੋਂ ਮੈਂ ਇਧਰ ਨੂੰ ਆਉਂਦਾ ਸੀ ਤਾਂ ਉਹ ਖੇਤ ਵਿਚ ਬਸੰਤ ਦੀ ਫਸਲ ਲਈ ਹਲ ਵਾਹੁੰਦਾ ਸੀ। ਉਹ ਓਨਾ ਹੀ ਹਠੀ ਤੇ ਸਾਹਸੀ ਹੈ ਜਿੰਨਾ ਕੁ ਹੋ ਸਕਦਾ ਹੈ। ਮੈਂ ਉਸਨੂੰ ਕਿਹਾ, ਉਸਨੂੰ ਕਿਤੇ ਚਲੇ ਜਾਣਾ ਚਾਹੀਦਾ ਹੈ।'

'ਮੈਨੂੰ ਉਮੀਦ ਹੈ ਉਹ ਕਿਤੇ ਚਲੇ ਜਾਵੇਗਾ' ਸਿਸਟਰ 'ਵਿਗਨਜ਼ ਨੇ ਕਿਹਾ, 'ਜੇ ਇਸ ਤਰ੍ਹਾਂ ਹੀ ਕੁਝ ਬਚਾ ਹੋ ਜਾਵੇ। ਉਹਦਾ ਭਰਾ ਬੜਾ ਸਿਆਣਾ ਹੈ ਭਾਵੇਂ ਅਜੇ ਸਤਾਰਾਂ ਸਾਲਾਂ ਦਾ ਹੀ ਹੈ। ਉਹ ਕਲ ਹੀ ਇਥੋਂ ਕਲੇਵਲੈਂਡ ਚਲਾ ਗਿਆ। ਉਨਾਂ ਦੀ ਮਾ ਵਿਚਾਰੀ ਅਜੇ ਵੀ ਇਥੇ ਹੀ ਟਿਕੀ ਰਹਿਣ ਲਈ ਵਾਹ ਲਾਉਂਦੀ ਹੈ। ਭਾਵੇਂ ਰਾਤੀ ਕਹਿੰਦੀ ਸੀ ਉਹਨੂੰ ਵੀ ਕਿਤੇ ਜਾਣਾ ਹੀ ਪੈਣਾ। ਉਨਾਂ ਨੇ ਉਸ ਵਿਚਾਰੀ ਨੂੰ ਸਟੋਰ ਚੋਂ ਰਸਦ-ਪਾਣੀ ਵੀ ਨਹੀਂ ਦੇਣਾ, ਨਾ ਹੀ ਉਨਾਂ ਕੋਲ ਬਸੰਤ ਦੀ ਬਜਾਈ ਲਈ ਬੀਜ ਹੈ, ਗੋਰਿਆਂ ਨੇ ਡਗਲਸ ਦਾ ਕਰਕੇ ਉਨਾਂ ਨੂੰ ਉਧਾਰ ਥੋੜੋਂ ਦੇਣਾ।'

"ਮੈਨੂੰ ਨਾ ਦੱਸ ? ਮੈਨੂੰ ਪਤਾ ਹੈ, ਹੁਣ ਤਾਂ ਹਾਰਟ-ਮੈਨ ਵੀ ਦੂਸਰੇ ਗੋਰਿਆਂ ਵਰਗਾ ਹੀ ਦੁਸ਼ਟ ਹੋ ਗਿਆ ਹੈ, ਉਹਨੇ ਸਨਿਚਰਵਾਰ ਰਾਤ ਮੇਰੇ ਆਦਮੀ ਨੂੰ ਪੈਸਾ ਪੈਸਾ ਵਾਪਸ ਕਰਨ ਲਈ ਕਿਹਾ, ਜੇ ਨਾ ਕੀਤਾ ਤਾ ਉਹ ਸਟੋਰ 'ਚੋਂ ਰਸਦ ਪਾਣੀ ਬੰਦ ਕਰ ਦੇਵੇਗਾ। ਜਦੋਂ ਕਿ ਸਾਡਾ ਉੱਥੇ ਸਾਲਾਂ ਦਾ ਵਿਹਾਰ ਚਲਦਾ ਹੈ।"

"ਇਹ ਵੀ ਉਨਾਂ ਦਾ ਸਾਡੇ ਉਪਰ ਗੁਝਵਾਂ ਵਾਰ ਹੀ ਹੈ।"

"ਹਾਂ, ਪਰ ਮੇਰਾ ਆਦਮੀ ਉਸ ਬੱਚੇ ਦਾ ਬਾਪ ਨਹੀਂ ਹੈ।"

"ਤੇ ਨਾ ਹੀ ਮੇਰਾ ਆਦਮੀ ?"

"ਇਕ ਵਾਰੀ ਦਾ ਵਾਕਿਆ ਹੈ ਡੈਟਰੋਇਟ ਵਿਚ ਇਕ ਹਬਸ਼ੀ ਦਸ ਸਾਲ ਇਕ ਗੋਰੀ ਨਾਲ ਅੜਿਆ ਰਿਹਾ ਸੀ, ਉਹਦੇ ਆਦਮੀ ਨੂੰ ਇਸ ਗਲ ਦਾ ਕੋਈ ਪਤਾ ਨਾ ਲੱਗਾ। ਉਹ ਉਨਾਂ ਦਾ ਸ਼ੋਫਰ ਸੀ।"

"ਸ਼ਹਿਰ ਵਿਚ ਇਸ ਤਰਾਂ ਦੀਆਂ ਗੱਲਾਂ ਚੱਲ ਜਾਂਦੀਆਂ ਹਨ, ਇਥੇ ਅਸੀਂ ਗਿਣਤੀ ਦੇ ਤਾਂ ਕਾਲੇ ਲੋਕ ਹਾਂ। ਸਾਡੇ ਲਈ ਤਾਂ ਏਨਾ ਹੀ ਕਸ਼ਟ ਬਹੁਤ ਹੈ।"

"ਬਿਲਕੁਲ ਠੀਕ", ਆਹ ਹੀ ਸਾਡੇ ਸਿਰਾਂ ਵਿਚ ਵਦਾਣ ਵਾਂਗ ਵੱਜ ਰਿਹਾ ਹੈ।

"ਰੱਬ ਗਵਾਹ ਹੈ ਅਸੀਂ ਕਾਨੂੰਨ ਦੀ ਹੱਦ ਵਿਚ ਰਹਿਣ ਵਾਲੇ ਲੋਕ ਹਾਂ, ਕਦੇ ਕਿਸੇ ਨੂੰ ਤੰਗ ਵੀ ਨਹੀਂ ਕੀਤਾ ਪਰ ਫਿਰ ਵੀ ਇਹ ਗੋਰੇ ਡਗਲਸ ਦਾ ਕਰਕੇ ਸਾਨੂੰ ਇਥੋਂ ਕੱਢਣ ਤੇ ਤੁਲੇ ਹੋਏ ਹਨ।"

"ਮੈਨੂੰ ਤਾਂ ਨਹੀਂ ਕੱਢ ਸਕਦੇ ਇਥੋਂ।" ਮਿਸਜ਼ ਜੋਨਜ ਨੇ ਕਿਹਾ।

"ਇਹ ਨਾ ਕਹਿ ਉਹ ਕਿਹਨੂੰ ਨਹੀਂ ਕੱਢ ਸਕਦੇ।" ਲੂਸੀ ਡਵਜ਼ ਨੇ ਕਿਹਾ "ਹੋ ਸਕਦਾ ਉਹ ਸਾਰਿਆਂ ਨੂੰ ਹੀ ਕੱਢ ਦੇਣ।"

"ਕੀ ਹਾਲ ਹੈ ਮਿਸਟਰ ਜੈਂਕਿਨਜ਼"

"ਠੀਕ ਹੈ, ਸ਼ੁਕਰੀਆ"

"ਹਾਂ ਸੱਚ ਮੀਟਿੰਗ ਤਾਂ ਸ਼ੁਰੂ ਹੋਣੀ ਚਾਹੀਦੀ ਸੀ, ਕਿ ਨਹੀਂ ?"

"ਜਦੋਂ ਵੀ ਮੈਡਮ ਪ੍ਰੈਜ਼ੀਡੈਂਟ ਪਹੁੰਚ ਗਈ ਉਦੋਂ ਹੀ ਸ਼ੁਰੂ ਕਰ ਦਿਆਂਗੇ॥ ਮੇਰਾ ਖਿਆਲ ਹੈ ਹਾਈ ਕਰੀਕ ਵਾਲੀ ਸੜਕ ਤੇ ਰਸ਼ ਬਹੁਤ ਹੁੰਦਾ ਹੈ ਉਥੇ ਗਈ ਹੋਣੀ ਏ।"

'ਮਿਸਟਰ ਜੈਂਕਿਨਜ ਬੈਠ ਜਾਓ, ਤੇ ਦੱਸੋ ਤੁਸੀਂ ਕੁਝ ਸੁਣਿਆ ਹੈ ?"

"ਡਗਲਸ ਬਾਰੇ"

"ਹਾਂ ਹਾਂ, ਡਗਲਸ ਬਾਰੇ, ਹੋਰ ਕਿਹੜੀ ਗੱਲ ਹੈ ਕਰਨ ਲਈ।

"ਮੇਰੀ ਧੀ ਨੇ ਦੱਸਿਆ ਕਿ ਡਗਲਸ ਦੀ ਭੈਣ ਕਹਿੰਦੀ ਸੀ ਉਹ ਇਕ ਦੂਜੇ ਨੂੰ ਮੁਹੱਬਤ ਕਰਦੇ ਸਨ।"

"ਡਗਲਸ ਤੇ ਉਹ ਗੋਰੀ ?"

"ਹਾਂ ! ਡਗਲਸ ਦੀ ਭੈਣ ਕਹਿੰਦੀ ਸੀ, ਇਹ ਤਾਂ ਗੋਰੀ ਦੇ ਵਿਆਹ ਤੋਂ ਪਹਿਲਾਂ ਨੀ ਚਲਦਾ ਸੀ।"

"ਫਿਰ ਉਹ ਵਿਆਹ ਤੋਂ ਬਾਅਦ ਕੀ ਕਰਨ ਜਾਂਦਾ ਸੀ, ਏਨਾਂ ਹੀ ਬੱਸ ਨਹੀਂ ਕਿ ਕੋਈ ਹਬਸ਼ੀ ਕਿਸੇ ਗੋਰੀ ਨਾਲ ਅੜਿਆ ਹੋਵੇ ਪਰ ਉਤੋਂ ਕੀ ਉਹ ਵਿਆਹੀ ਵੀ ਹੋਈ ਸੀ, ਇਹ ਮਾੜੀ ਗੱਲ ਹੈ।"

"ਪਰ ਡਗਲਸ ਦੀ ਭੈਣ ਕਹਿੰਦੀ ਸੀ ਉਹ ਇਕ ਦੂਜੇ ਨੂੰ ਮੁਹੱਬਤ ਕਰਦੇ ਸਨ।"

"ਫਿਰ ਉਹਨੇ ਗੋਰੇ ਨਾਲ ਵਿਆਹ ਕਿਉਂ ਕਰਵਾਇਆ ?"

"ਉਹ ਗੋਰਾ ਸੀ ਤੇ ਉਹ ਗੋਰੀ। ਨਾਲੇ ਏਨੇ ਅਮੀਰ ਗੋਰੇ ਨਾਲ ਕੌਣ ਵਿਆਹ ਨਹੀਂ ਕਰਵਾਏਗਾ ? ਜਿਸ ਕੋਲ ਆਪਣਾ ਫਾਰਮ ਹੋਵੇ; ਪੈਸਾ ਹੋਵੇ ਤੇ ਹੋਰ ਕਿੰਨਾ ਕੁਝ। ਜੇ ਉਹ ਰੰਡਾ ਵੀ ਹੋਵੇ, ਭਾਵੇਂ ਉਹਦੇ ਵੱਡੇ ਵੱਡੇ ਨਿਆਣੇ ਹੋਣ। ਉਹਨੇ ਇਹਨੂੰ ਸੱਭ ਕੁਝ ਦਿੱਤਾ, ਜੋ ਕੁਝ ਇਹਨੂੰ ਚਾਹੀਦਾ ਸੀ, ਕਿ ਨਹੀਂ।"

"ਸੱਭ ਕੁਝ ਪਰ ਅਸਲੀ ਚੀਜ਼...।"

"ਹੋ ਸਕਦਾ ਉਹ ਗੋਰੇ ਨੂੰ ਪਿਆਰ ਨਾ ਕਰਦੀ ਹੋਵੇ, ਤਾਂ ਹੀ ਤਾਂ ਚੋਰੀ ਚੋਰੀ ਡਗਲਸ ਨੂੰ ਜੰਗਲ 'ਚ ਮਿਲਦੀ ਰਹੀ।।"

"ਬਿਲਕੁਲ ਠੀਕ"

"ਇਹਦੇ ਬਾਰੇ ਕੀ ਖਿਆਲ ਹੈ ਕਿ ਉਹ ਕਾਲੇ ਆਦਮੀ ਕੋਲੋਂ ਹਾਮਲਾ ਹੋ ਗਈ।"

ਉਹਨੇ ਸੋਚਿਆ ਹੋਣਾ ਬਈ, ਇਹ ਗੋਰੇ ਦਾ ਹੀ ਬੱਚਾ ਹੈ।"

"ਹੁਣ ਤਾਂ ਏਦਾਂ ਨਹੀਂ ਸੋਚਦੀ", ਮੈਟੀ ਨੇ ਕਿਹਾ।

"ਜਦੋਂ ਡਾਕਟਰ ਬੱਚਾ ਦਿਖਾਉਣ ਲਈ ਅੰਦਰ ਲੈ ਕੇ ਆਇਆ ਤਾਂ ਉਹਦਾ ਦਿਲ ਕਰਦਾ ਸੀ ਅੰਨੀ ਹੋ ਜਾਵੇ, ਉਹ ਤਾਂ ਮੇਰੇ ਜਿੰਨਾ ਕਾਲਾ ਸੀ।"

"ਹੋਰ ਦੱਸ, ਹੋਰ ਦੱਸ।"

"ਉਹਦੇ ਆਦਮੀ ਨੇ ਕੀ ਕਿਹਾ ?"

"ਪਤਾ ਨਹੀਂ"

"ਉਹ ਜ਼ਰੂਰ ਬੇਹੋਸ਼ ਹੋ ਗਿਆ ਹੋਏਗਾ !"

'ਸਾਡੇ ਲਾਗੇ ਜਿਹੜੀ ਬੁੱਢੀ ਗੋਰੀ ਰਹਿੰਦੀ ਹੈ ਕਹਿੰਦੀ ਸੀ ਜਦੋਂ ਵੀ ਉਹ ਤੁਰਨ ਜੋਗੀ ਹੋਈ ਉਹਨੂੰ ਘਰੋਂ ਕੱਢ ਦੇਵੇਗਾ।"

"ਜ਼ਰੂਰ ਕਢੂਗਾ।"

"ਹੋ ਸਕਦਾ ਡਗਲਸ ਵੀ ਇਸੇ ਗੱਲ ਦੀ ਉਡੀਕ 'ਚ ਹੋਵੇ।"

"ਮੈਂ ਸੁਣਿਆ ਉਹ ਗੋਰੀ ਨੂੰ ਕਿਤੇ ਲੈ ਜਾਵੇਗਾ।"

"ਚੰਗਾ ਹੋਵੇ ਉਹ ਬੇਵਕੂਫ ਛੇਤੀ ਚਲੇ ਜਾਵੇ, ਇਸ ਤੋਂ ਪਹਿਲਾਂ ਕਿ ਗੋਰੇ ਹੋਰ ਭੜਕ ਪੈਣ। ਕਿਸੇ ਨੂੰ ਪਤਾ ਲੱਗਾ ? ਸ਼ੁਕਰਵਾਰ ਬੱਚਾ ਜੰਮਿਆ ਤੇ ਸਨਿਚਰਵਾਰ ਸੱਭ ਨੂੰ ਪਤਾ ਲੱਗ ਗਿਆ ਕਿ ਬੱਚਾ ਕਾਲਾ ਹੈ। ਉਸ ਦਿਨ ਤੋਂ ਗੋਰੇ ਡਗਲਸ ਨੂੰ ਮਾਰਨ ਨੂੰ ਫਿਰਦੇ ਹਨ।"

"ਮੈਨੂੰ ਤਾਂ ਬਹੁਤ ਡਰ ਲੱਗਦਾ ਹੈ।"

"ਉਨ੍ਹਾਂ ਨੂੰ ਕਿਵੇਂ ਪਤਾ ਕਿ ਇਹ ਬੱਚਾ ਡਗਲਸ ਦਾ ਹੀ ਹੈ।"

"ਤੈਨੂੰ ਨਹੀਂ ਪਤਾ ? ਲੋਕਾਂ ਨੂੰ ਪਤਾ ਹੈ ਕਿ ਡਗਲਸ ਤੇ ਗੋਰੀ ਇਕ ਦੂਜੇ ਨਾਲ ਬੜੇ ਚਿਰ ਤੋਂ ਰਹਿੰਦੇ ਸਨ, ਰੱਬ ਜਾਣੇ ਕਦੋਂ ਤੋਂ...। ਤੈਨੂੰ ਉਦੋਂ ਦੇਖਣਾ ਚਾਹੀਦਾ ਸੀ, ਜਦੋਂ ਉਹ ਸਟੋਰ ਵਿਚ ਮਿਲੇ ਸਨ ਭਾਵੇਂ ਉਨ੍ਹਾਂ ਨੇ ਇਕ ਦੂਜੇ ਨੂੰ 'ਹੈਲੋ' ਤੋਂ ਸਿਵਾਏ ਕੁਝ ਨਹੀਂ ਸੀ ਕਿਹਾ, ਪਰ ਉਨ੍ਹਾਂ ਦੀਆਂ ਨਜ਼ਰਾਂ ਬੜੀ ਦੇਰ ਇਕ ਦੂਜੇ ਦਾ ਪਿੱਛਾ ਕਰਦੀਆਂ ਰਹੀਆਂ ਸਨ।

"ਮੈਂ ਤੈਨੂੰ ਕਿਹਾ ਨਾ ਬਈ ਇਕ ਦੂਜੇ ਨੂੰ ਪਿਆਰ ਕਰਦੇ ਸਨ।"

"ਬੜੀ ਨਿੱਡਰ ਮੁਹੱਬਤ, ਸੱਭ ਜਾਣਦੇ ਹਨ ਕਿ ਗੋਰਿਆਂ ਕਾਲਿਆਂ ਦੀ ਮੁਹੱਬਤ ਸਿਰੇ ਨਹੀਂ ਚੜਦੀ। ਡਗਲਸ ਕਿਹੜਾ ਬੱਚਾ ਹੈ ? ਛੱਬੀਆਂ ਸਾਲਾਂ ਦਾ ਹੈ, ਕਿ ਨਹੀਂ ? ਉਹਦੀ ਮਾਂ ਨੇ ਤਾਂ ਬਥੇਰਾ ਸਮਝਾਇਆ ਸੀ, ਉਹਦਾ ਵਿਚਾਰੀ ਦਾ ਕੀ ਕਸੂਰ ਹੈ ?"

"ਕਸੂਰ ਤਾਂ ਬੇਵਕੂਫ ਡਗਲਸ ਤੇ ਗੋਰੀ ਦਾ ਹੈ। ਦਸਾਂ ਮੀਲਾਂ ਦੀ ਦੂਰੀ ਤੇ, ਬਥੇਰੀਆਂ ਹਬਸ਼ਣ ਕੁੜੀਆਂ ਮਿਲ ਜਾਂਦੀਆਂ ਹਨ। ਏਥੇ ਆਪਣੇ ਵੀ ਤਾਂ ਤਿੰਨ ਚਾਰ ਸਨ।

"ਨਹੀਂ ਜੀ, ਉਹਨੇ ਤਾਂ ਗੋਰੀ ਮਗਰ ਹੀ ਜਾਣਾ ਸੀ।"

"ਸੁਣਿਆ ਹੈ, ਉਹ ਗੋਰੀ ਨੂੰ ਮੁਹੱਬਤ ਕਰਦਾ ਸੀ"

"ਡਗਲਸ ਕੀ ਕਹਿੰਦਾ ਹੈ ?"

"ਉਹ ਤਾਂ ਕੁਝ ਵੀ ਨਹੀਂ ਬੋਲਦਾ।"

"ਬੋਲੇ ਵੀ ਕੀ ਹੁਣ ?"

"ਉਹਨੂੰ ਬੋਲਣ ਦੀ ਲੋੜ ਕੀ ਆ, ਗੋਰੇ ਆਪੇ ਸਾਡੇ ਉਪਰ ਗੁੱਸਾ ਕੱਢ ਲੈਣਗੇ। ਸਕੂਲ ਕੋਲ ਇਕ ਗੋਰਾ ਕਹਿੰਦਾ ਸੀ ਅਗਲੇ ਸਾਲ ਸਾਰੇ ਕਾਲੇ ਬੱਚੇ ਇਕ ਕਮਰੇ ਵਿਚ ਬੈਠਣਗੇ ਤੇ ਗੋਰੇ ਵੱਖਰੇ ਦੂਸਰੇ ਕਮਰੇ ਵਿਚ।

'ਅੱਗੇ ਤਾਂ ਬਾਈਆਂ ਸਾਲਾਂ ਵਿਚ ਇਥੇ ਪਹਿਲਾਂ ਕਦੀ ਏਦਾਂ ਨਹੀਂ ਹੋਇਆ।"

"ਗੋਰੇ ਸਾਰੇ ਦੁਸ਼ਟ ਹਨ ਬੱਚਿਆਂ ਤੱਕ।"

"ਪਤਾਂ ਨਹੀਂ ਸ਼ਾਇਦ ਉਨ੍ਹਾਂ ਨੇ ਡਗਲਸ ਨੂੰ ਮਾਰ ਹੀ ਦਿੱਤਾ ਹੋਵੇ।"

"ਪਤਾ ਨਹੀਂ ?"

"ਉਹ ਤਾਂ ਅਰਾਮ ਨਾਲ ਹਲ ਵਾਹ ਰਿਹਾ ਸੀ।"

"ਇਹ ਤਾਂ ਮੰਨਣਾ ਪਵੇਗਾ ਕਿ ਉਹ ਬਹੁਤ ਦਲੇਰ ਹੈ।"

"ਲੱਗਦੈ, ਗੋਰੀ ਦਾ ਆਦਮੀ ਜ਼ਰੂਰ ਉਸਨੂੰ ਮਾਰ ਦੇਵੇਗਾ।"

"ਉਹ ਕਾਲਿਆਂ ਦੇ ਘਰ ਵੀ ਸਾੜ ਸਕਦੇ ਹਨ।"

"ਕੁਝ ਵੀ ਹੋ ਸਕਦਾ ਹੈ। ਮੈਂ ਬੇਚੈਨ ਹਾਂ।"

"ਤੁਸੀਂ ਗੋਰਿਆਂ ਬਾਰੇ ਕੁਝ ਨਹੀਂ ਕਹਿ ਸਕਦੇ।"

"ਮੈਂ ਬੇਚੈਨ ਨਹੀਂ। ਮੈਂ ਤਾਂ ਭੈਭੀਤ ਹਾਂ।"

"ਬੱਸ, ਬੱਸ! ਚੁਪ ਕਰੋ।

"ਸਿਸਟਰ ਕਾਰਟਰ ਕਿਉਂ ਨਹੀਂ ਕਹਿੰਦੀ ਕਿ ਉਹ ਕਿਤੇ ਹੋਰ ਚਲਾ ਜਾਵੇ ?"

"ਉਹਨੇ ਮੈਨੂੰ ਦੱਸਿਆ ਸੀ ਕਿ ਉਹ ਤਾਂ ਖਫ਼ਾ ਸੀ।"

"ਪਰ ਉਹਨੇ ਤਾਂ ਡਗਲਸ ਨੂੰ ਕੁਝ ਵੀ ਨਹੀਂ ਕਿਹਾ, ਚਲਾ ਜਾਵੇ ਜਾਂ ਨਾ।"

ਮੈਡਮ ਪ੍ਰੈਜ਼ੀਡੈਂਟ ਕੀ ਹਾਲ ਹੈ ?"

"ਠੀਕ ਹੈ।"

"ਮੈਂ ਤੈਨੂੰ ਕਿਹਾ ਹੈ ਨਾ ਉਹ ਗੋਰੀ ਨੂੰ ਪਿਆਰ ਕਰਦਾ ਹੈ।"

"ਉਹ ਇਕ ਵਾਰ ਫਿਰ ਉਸਨੂੰ ਮਿਲਣਾ ਚਾਹੁੰਦਾ"

"ਬਦਤਮੀਜ਼ ਗੋਰੀ"

"ਉਹ ਅੱਗ ਨਾਲ ਖੇਡ ਰਿਹਾ ਹੈ।"

"ਮੈਨੂੰ ਤਾਂ ਡਗਲਸ ਦੀ ਮਾਂ ਤੇ ਤਰਸ ਆਉਂਦਾ ਹੈ, ਵਿਚਾਰੀ!"

"ਤੁਸੀਂ ਸਾਰੇ ਇਹ ਕਿਉਂ ਨਹੀਂ ਕਹਿੰਦੇ, ਵਿਚਾਰਾ ਡਗਲਸ! ਵਿਚਾਰੀ ਗੋਰੀ!! ਵਿਚਾਰਾ ਬੱਚਾ!!!

"ਮੈਡਮ ਪ੍ਰੈਜ਼ੀਡੈਂਟ ਮੀਟਿੰਗ ਸ਼ੁਰੂ ਕਰ ਦਿੱਤੀ ਹੈ।"

"ਕੀ ਉਹ ਮੁੰਡਾ ਹੈ ਜਾਂ ਕੁੜੀ ?"

"ਮੈਨੂੰ ਪਤਾ ਲੱਗਾ ਕਿ ਮੁੰਡਾ ਹੈ।"

"ਰੱਬ ਦਾ ਸ਼ੁਕਰ ਹੈ, ਕਿਤੇ ਕੁੜੀ ਨਹੀਂ।"

"ਉਮੀਦ ਹੈ ਉਹ ਡਗਲਸ ਵਰਗਾ ਬਾਂਕਾ ਜਵਾਨ ਨਿਕਲੇਗਾ।"

"ਉਹ ਬਹੁਤ ਦਲੇਰ ਹੈ ਬਹੁਤ ਦਲੇਰ।"

"ਲਾਹਨਤ ਹੈ ਏਹੋ ਜਿਹੀ ਦਲੇਰੀ ਤੇ, ਸਾਨੂੰ ਵਖ਼ਤ ਵਿਚ ਪਾ ਦਿੱਤਾ ਹੈ।"

"ਸ਼ਰਮ ਨਹੀਂ ਆਉਂਦੀ ਉਹਨੂੰ ?"

"ਛੀ...ਛੀ...।"

"ਹਾਂ ਬਿਲਕੁਲ।"

"ਸਿਸਟਰਜ਼ ਕੀ ਤੁਹਾਨੂੰ ਘੰਟੀ ਨਹੀਂ ਸੁਣੀ।"

"ਛੀ...ਛੀ ..ਛੀ ..।"

"ਮੈਡਮ ਸੈਕਟਰੀ ਆਪਣੀ ਕੁਰਸੀ ਤੇ ਬੈਠ ਜਾਓ"

"ਇਸਤ੍ਰੀ ਮੁਕਤੀ ਪ੍ਰਚਾਰ ਸਭਾ ਦੀ ਮਾਰਚ ਮੀਟਿੰਗ ਜਿਹੜੀ ਕਿ ਅਸੱਭਯ ਅਫਰੀਕਨਾਂ ਦੇ ਬਚਾਉ ਲਈ ਬੁਲਾਈ ਗਈ। ਸ਼ਿਸਟਰ ਬਰਨਜ਼ ਵੱਲੋਂ ਭਜਨ ਗਾਇਆ......।"

"ਪਿੱਛੇ ਗੱਲਾਂ ਕੀ ਹੋ ਰਹੀਆਂ ਹਨ।"

"।......"

ਮੂਲ ਲੇਖਕ ਲੈਂਗਸਟਨ ਹਿਊਜ਼
ਪੰਜਾਬੀ ਰੂਪ : ਸੁਖਦੇਵ ਸਿੰਘ ਸਿੱਧੂ

o

ਕਹਾਣੀ

## ਸ਼ਾਇਦ

**ਜਿੰਦਰ**

ਕੱਪੜਾ ਤਾਂ ਉਸ ਵੱਡੀ ਨੌਹ ਨੂੰ ਕਹਿ ਕੇ, ਸੰਦੂਕ 'ਚੋਂ ਕੱਢਵਾ ਲਿਆ ਸੀ।

ਪਰ ?

ਦੋ ਸਾਲ ਪਹਿਲਾਂ। ਉਹ ਸਰਦਾਰ ਕਰਮ ਸਿੰਹੁ ਦੇ ਪੋਤਰੇ ਹੋਏ ਦੇ ਲੱਡੂ ਲੈ ਕੇ ਗਿਆ ਸੀ ਤੇ ਅੱਗੋਂ ਸਰਦਾਰ ਕਰਮ ਸਿੰਹੁ ਦੀ ਕੁੜੀ ਨੇ ਇਹ ਕੱਪੜਾਂ ਤੇ ਪੰਜ ਰੁਪਏ ਦਿੱਤੇ ਸਨ। ਬੱਸ, ਉਦੋਂ ਈ ਉਸ ਸਾਂਭ ਲਿਆ ਸੀ। ਆਪਣੇ ਲਈ। ਆਪਣੇ ਕਫ਼ਨ ਲਈ। ਆਖ਼ਿਰੀ ਤੰਮੱਨਾ ਸੀ ਉਸਦੀ ਦੂਜੀ ਵੇਰ ਨਵੇਂ ਕੱਪੜੇ ਪਾਉਣ ਦੀ। ਜਿਊਂਦਿਆਂ ਜੀਅ, ਉਸੇ ਸਿਰਫ ਇਕੋ ਵੇਰ ਨਵੇਂ ਕਪੜੇ ਪਾਏ ਸਨ। ਉਹ ਵੀ ਵਿਆਹ ਵੇਲੇ। ਜੰਮਿਆਂ ਤਾਂ ਬੀਬੀ ਜੀ ਨੇ ਵੱਡੇ ਦਾ ਝੱਗਾ ਉਸਦੇ ਗੱਲ ਅੜਾ ਦਿੱਤਾ ਸੀ। ਜੁਆਨ ਹੋਇਆ ਤਾਂ ਕੁਵਾੜੀਏ ਕੋਲੋਂ ਕਦੀ ਫੌਜੀ ਨੁਮਾ ਤੇ ਕਦੀ ਉਤਾਰ੍ਹ ਨੁਮਾ ਕਪੜੇ ਖਰੀਦੇ ਸਨ ਜਾਂ ਲੋਕਾਂ ਦੇ ਉਤਾਰਾਂ ਨੂੰ ਟਾਕੀਆਂ ਲਾਈਆਂ ਸਨ। ਬੱਸ ਇਓਂ ਉਮਰ ਲੰਘ ਗਈ ਸੀ। ਮਜ਼ਦੂਰੀ ਕਰਦਿਆਂ ਈ। ਅੱਧਢਕੇ ਸਿਰ 'ਚ। ਅੱਧਨੰਗੇ ਜਿਸਮ 'ਚ। ਅੱਧਰਜੇ ਢਿੱਡ 'ਚ।

ਕੱਪੜਾ ਉਸ ਹੱਥਾਂ 'ਚ ਲੈ ਕੇ ਟੋਹਿਆ। ਮਲਿਆ। ਖੁਰਦਰਾ ਸੀ। ਮੋਟਾ ਖੱਦਰ ਹੋਣ ਕਰ ਕੇ। ਸਸਤਾ ਹੋਣ ਕਰ ਕੇ।

ਪਰ ?

ਯਾਦ ਆਇਆ ਹੈ ਉਸਨੂੰ। ਪੋਤਾ ਕਾਕੂ ਕੱਲ ਆਪਣੀ ਮਾਂ ਨੂੰ ਕਹਿ ਰਿਹਾ ਸੀ "ਸਕੂਲੇ ਵਰਦੀ ਲੱਗੀ ਹੋਈ ਆ—ਚਿੱਟੀ ਕਮੀਜ਼ ਤੇ ਖਾਕੀ ਪੈਂਟ—ਹਫਤੇ ਵਿਚ

ਦੋ ਦਿਨ ਪਾ ਕੇ ਜਾਣਾ ਹੁੰਦਾ—'ਕੱਲਾ ਮੈਂ ਈ ਰਹਿ ਜਾਣਾ ਹਣ। ਆ ਕੁੱਟ ਖਾਣ ਨੂੰ—ਮੈਨੂੰ ਨਹੀਂ ਪਤਾ ਜਿਥੋਂ ਮਰਜ਼ੀ ਲੈ ਕੇ ਦਿਓ—ਨਹੀਂ ਤਾਂ ਮੈਂ ਨਹੀਂ ਜਾਣਾ ਸਵੇਰ ਤੋਂ ਸਕੂਲੇ..."

ਪਤਾ ਹੈ ਉਸ ਨੂੰ। ਘਰ 'ਚ ਦਾਨੇ ਹੈ ਨਹੀਂ। ਪੈਸੇ ਹੈ ਨਹੀਂ। ਕਿਥੋਂ ਲੈ ਕੇ ਦੇਵੇਗੀ ਓਹ ਵਿਚਾਰੀ ਵਰਦੀ। ਮੁੰਡਾ ਤਾਂ ਕਿੰਨਿਆਂ ਦਿਨਾਂ ਦਾ ਦਿਹਾੜੀ ਨਹੀਂ ਜਾਂਦਾ। ਦਮੇ ਦਾ ਜ਼ੋਰ ਵਧੀ ਈ ਜਾ ਰਿਹਾ ਹੈ। ਦੁਆਈ ਜਿਉਂ ਲਗਾਤਾਰ ਨਹੀਂ ਮਿਲ ਰਹੀ।

'ਗੱਲ ਸੁਣ ਪੁੱਤ—ਆ ਲੈ ਕੁਪੜਾ— ਨਿੱਕੇ ਦੀਆਂ ਦੋ ਕਮੀਜ਼ਾਂ ਸਵਾ ਦਈਂ ਤੇ ਹਟੀਓਂ ਰੰਗ ਮੰਗਾ ਕੇ ਨੀਕਰਾਂ ਵੀ ਬਣਾ ਦਈਂ—ਪੈਂਟ ਦਾ ਕੀ ਹੁੰਦਾ ਹੈ—ਨਾਲੇ ਗਰਮੀਆਂ ਆਂ" ਉੱਚੀ ਅਵਾਜ਼ 'ਚ ਉਸ ਕਿਹਾ ਤੇ ਅੰਦਰ ਈ ਅੰਦਰ ਉਠਿਆ ਹੌਕਾ ਸ਼ਾਂਤ ਕਰਦਿਆਂ ਆਪਣੇ ਆਪ ਨਾਲ ਕਰਨ ਲੱਗਾ "ਚਲੋ ਮੁੰਡੇ ਦਾ ਸਰ ਜਾਊ—ਦੋ ਚਾਰ ਜਮਾਤਾਂ ਪੜ੍ਹ ਜਾਊ—ਸ਼ਾਇਦ—ਸ਼ਾਇਦ ਸਾਡੇ ਨਾਲੋਂ ਚੰਗਾ ਰਹੂ—ਮੇਰਾ ਕੀ ਆ—ਸਾਰੀ ਉਮਰ ਲੰਘ ਗਈ ਆ—ਕੋਈ ਪੁਰਾਣਾ ਜਿਹਾ ਕੰਬਲ ਉਪਰ ਦੇ ਦਿਓ ਜਾਣ ਲੱਗੇ ਦੇ—ਐਥਾ ਥੋੜ੍ਹਾ—ਰੱਬ ਨੂੰ ਕਹਿਣ ਜੋਗੇ ਤਾਂ ਆ—ਇਕ ਆਹ ਤਾ ਨਵੇਂ ਕਪੜੇ ਪਾਏ ਸੀ—ਸੁੱਕੇ ਤਾਂ ਨਹੀਂ ਗਏ—ਨਾਲੇ ਸੁਆਹ ਈ ਹੋ ਜਾਣੀ ਆ . ਸ਼ਾਇਦ...ਘਰ ਦੇ ਨਕਸ਼ੇ ਬਦਲ ਜਾਣ..."

o

---

ਨਜ਼ਮ

## ਬੰਦ

ਸੁਰਿੰਦਰ ਮਰਾਦੀ

ਮੁੰਡੇ ਮਰ ਗਏ ਕਮਾਈਆਂ ਕਰਦੇ
ਬਸੰਤੋ ਤੇਰੇ ਬੰਦ ਨਾ ਬਣੇ

(ਲੋਕ ਗੀਤ)

ਬਸੰਤੋ ਨਾ ਸ਼ਿਕਵਾ ਕਰਦਿਆਂ ਮਿੱਤਰਾ !
ਬੰਦ ਮਹਿਜ਼ ਸ਼ਿਕਵਾ ਕੀਤਿਆਂ ਨਹੀਂ ਬਣਦੇ
ਇਨ੍ਹਾਂ ਲਈ ਤੇ ਕੁਝ ਕਰਨਾ ਪੈਂਦਾ ਹੈ।
ਤੂੰ ਸੋਚਿਆ ਕਦੇ !
ਬਸੰਤੋ ਜਿਸਦੀਆਂ ਡੂੰਘੀਆਂ ਝੀਲ ਜਿਹੀਆਂ ਅੱਖਾਂ
ਵਿੱਚ ਕਦੇ ਤੂੰ ਡੁੱਬ ਜਾਣਾ
ਤੇ ਮੋਰਨੀ ਜਿਹੀ ਚਾਲ ਸੰਗ ਉਲਝ
ਜਾਣਾ ਚਾਹਿਆ ਸੀ।
ਤੇ ਉਸਦੇ ਪਤਲੇ ਬੁੱਲਾਂ ਦੇ ਹਾਸੇ ਨੇ ਤਾਂ ਤੈਨੂੰ
ਮੋਹ ਹੀ ਲਿਆ ਸੀ।
ਅੱਜ !
ਉਸਦੀਆਂ ਅੱਖਾਂ 'ਚ ਉਦਾਸੀ
ਬੁੱਲਾਂ ਤੇ ਹਾਸਿਆਂ ਦੀ ਥਾਂ ਗ਼ਮਾਂ ਦੀਂ ਪੇਪੜੀ
ਨੇ ਕਿਉ ਆਲ੍ਹਣਾ ਪਾਇਆ ਹੈ ?
ਤੇ ਉਸਦੀ ਮੋਰਨੀ ਜਿਹੀ ਚਾਲ
ਕਿਉਂ ਡਿਗਮਾ ਗਉਂਦੀ ਚਾਲ ਵਿੱਚ ਬਦਲ ਗਈ ਹੈ।
ਤੈਂ ਇਹ ਵੀ ਸੋਚਿਆ ਕਦੇ !
ਜਿਸ ਬਸੰਤੋ ਲਈ ਤੂੰ ਅਸਮਾਨੋ ਤਾਰੇ ਤੋੜਣ
ਦੀ ਗੱਲ ਕਰਦਾ ਸੈਂ।
ਰੇਸ਼ਮੀ ਰੁਮਾਲ ਵਾਂਙ ਸਾਂਭਣ ਦੀ
ਹਾਮੀ ਭਰਦਾ ਸੈਂ।
ਅੱਜ !
ਉਸਦੀ ਇਹ ਨਿਗੂਣੀ ਜਿਹੀ ਖ਼ਾਹਿਸ਼
ਵੀ ਕਿਉਂ ਨਹੀਂ ਪੂਰੀ ਕਰ ਸਕਦਾ ?
ਤੇ ਹੁਣ ਸੋਚੀਂ
ਤੇਰੀ ਬਸੰਤੋ ਦਾ ਹਿੱਸੇ ਦਾ ਬੰਦ ਕੌਣ ਪਹਿਨਦਾ ?
ਬਸੰਤੋ !
ਨਾ ਸ਼ਿਕਵਾ ਕਰਦਿਆਂ ਮਿੱਤਰਾਂ
ਬੰਦ ਮਹਿਜ਼ ਸ਼ਿਕਵਾ ਕੀਤਿਆਂ ਨਹੀਂ ਬਣਨੇ
ਆਪਣੇ ਬੰਦਾਂ ਲਈ ਕੁਝ ਕਰਨਾ ਪੈਣਾ
ਕੁਝ ਕਰਨਾ ਪੈਣਾ।

o

ਨਜ਼ਮ

## ਅਸੀਂ ਸਮੇਂ ਦੇ ਸੂਰਜ ਹਾਂ

ਹਰਨੇਕ ਕਲੇਰ

ਦੋਸਤੋ !
ਆਓ ਆਪਣੇ ਵੱਡੇ ਵਡੇਰਿਆਂ ਦੀਆਂ ਕਬਰਾਂ ਤੇ
ਖੜੇ ਉਦਾਸ ਰੁੱਖਾਂ ਦੀਆਂ ਅੱਖਾਂ 'ਚ
ਰੋਸ਼ਨੀ ਸੀਖੀਏ
ਜਿਨ੍ਹਾਂ ਨੂੰ
ਸਮੇਂ ਦੀ ਜ਼ਾਲਮ ਅੱਖ ਨੇ
ਜਿਉਂਦੇ ਦਫ਼ਨਾ ਦਿੱਤਾ ਸੀ, ਪਿੰਡ ਦੀ ਸੱਥ ਵਿੱਚ
ਸੂਰਜ ਨੂੰ ਅਗਵਾ ਕਰਨ ਦੇ ਦੋਸ਼ ਵਿੱਚ,
ਤੇ ਓਸ ਰੋਸ਼ਨੀ ਵਿੱਚ
ਕਬਰਾਂ ਦੇ ਮੱਥਿਆਂ ਦੀਆਂ ਰੇਖਾਵਾਂ ਵਿੱਚ
ਉਘੜਦੀ ਵੀਰਤਾ ਉਠਾਲੀ ਏ,

"ਸਾਨੂੰ ਟਿਮ ਟਿਮਾਉਂਦੇ ਜੁਗਨੂੰ ਸਮਝ ਕੇ ਹੱਸੋ ਨਾ
ਅਸੀਂ ਸਮੇਂ ਦੇ ਸੂਰਜ ਹਾਂ।
ਜੇਠ ਹਾੜ ਦੀ ਹਰ ਤ੍ਰਿੱਖੜ ਦੁਪਿਹਰ ਦੀ ਕਬਰ
ਸਾਡੇ ਪਿੰਡੇ ਤੇ ਬਣਦੀ ਹੈ
ਇਹ ਸਾਡੀ ਦੇਹ ਜੋ ਕਤਰਾ ਕਤਰਾ ਹੋ ਕੇ
ਐਟਮ ਬਣਦੀ ਹੈ
ਇਸਨੂੰ ਸਿਰਫ਼ ਸੂਲੀ ਤੇ ਟੰਗਣ ਨਾਲ ਹੀ
ਸਾਡੀ ਕਥਾ ਖ਼ਤਮ ਨਹੀਂ ਹੋ ਜਾਂਦੀ
ਇਹ ਮਿੱਟੀ ਨਾਲ ਮਿੱਟੀ ਹੋ ਕੇ ਭੁਰ ਭੁਰ ਮਰਨ ਦੀ
ਸੂਲੀ ਚੜ੍ਹਨ ਦੀ
ਕਥਾ ਤਾਂ ਬਹੁਤ ਲੰਮੀ ਹੈ
ਜਿਸ ਨੂੰ ਦੁਹਰਾ ਰਹੀ ਹੈ
ਧਰਤੀ ਦੀ ਹਿੱਕ ਤੇ ਫੁੱਲ ਚਿੜੀਆਂ ਪਾਉਂਦੇ
ਹਰ ਗਭਰੂ ਦੀ ਚੁਗਾਠ ਹੋਈ ਦੇਹ
ਇਸ ਦੇ ਹੁੰਗਾਰੇ ਵਿੱਚ
ਇਨ੍ਹਾਂ ਕਬਰਾਂ ਤੇ ਉੱਗੇ ਹਰ ਬ੍ਰਿਛ ਦੀ ਕੁੱਖ ਵਿੱਚ ਤੂਫਾਨ ਹੈ
ਇਹ ਇਹਿਸਾਸ ਹੈ

o

## ਦੋ ਗੀਤ

### ਸੰਤ ਸੰਧੂ

ਕਿਹੜਾ ਸੂਰਜ ਲੋਚ ਰਿਹਾਂ ਏਂ
ਕਰ ਪੂਰਬ ਵਲ ਕੰਡ ਓ ਯਾਰ
ਮੌਸਮ ਕੋਈ ਨ ਮੰਦਾ ਹੁੰਦਾ
ਮਨ ਦੀ ਮਾਰੇ ਠੰਡ ਓ ਯਾਰ
ਸੱਚ ਦੇ ਹੱਥੀਂ ਨੇਜ਼ੇ ਫੜੀਏ
ਕੂੜ ਦੀ ਢੋਲੀਏ ਪੰਡ ਓ ਯਾਰ
ਵਤਨ ਦੀਆਂ ਤਕਦੀਰਾਂ ਘੜੀਏ
ਘਰ ਵੱਲ ਕਰਕੇ ਕੰਡ ਓ ਯਾਰ,
ਵਿਗੜੇ ਤਾਣੇ ਮੈਲੇ ਤਾਣੇ,
ਧੋਬੀ ਪਟੜੇ ਛੰਡ ਓ ਯਾਰ
ਨਾ ਚੱਟ ਚੂੱਪ ਦਾ ਮੌਹਰਾ ਸੁਹਣੇ
ਸੱਥ ਵਿਚ ਪਾ ਦੇ ਡੰਡ ਓ ਯਾਰ
ਹਾਕਮ ਜੋ ਲੋਕਾਂ ਦੇ ਦੁਸ਼ਮਣ
ਵਿਚ ਚੌਰਾਹੇ ਭੰਡ ਓ ਯਾਰ
ਮੁਨਸੱਫ ਧੋਖੇਬਾਜ਼ ਕਮੀਨੇ
ਮੂੰਹ ਤੇ ਮਾਰੋ ਚੰਡ ਓ ਯਾਰ
ਨਾਲ ਦਮੂੰਹੀ ਲੜਨਾ ਪੈਣਾ
ਕੱਠੇ ਕਰ ਲਓ ਡੰਗ ਓ ਯਾਰ
ਪੈਲੀ ਬੰਨ੍ਹੇ ਸਭ ਉਜਾੜੇ
ਮਾਰੋ ਖ਼ੂਨੀ ਸੰਢ ਓ ਯਾਰ
ਅੱਗ ਦੀਆਂ ਜੋਤਾਂ ਕੱਠੀਆਂ ਕਰ
ਅੱਗ ਕਰੋ ਧਰਚੰਡ ਓ ਯਾਰ
ਸੁੱਤੇ ਰਹੋਂ ਜੇ ਗੂੜ੍ਹੀ ਨੀਂਦੇ
ਰਹਿੰਦਾ ਗਲ ਜਾਊ ਗੰਡ ਓ ਯਾਰ

o

ਧਰਤੀ ਦੀ ਕੁੱਖ ਚੰਦਰੀ ਫੁੱਟਾ
ਫੁੱਲ ਨੇਰ੍ਹੇ ਦਾ ਤੋੜੀਦਾ
ਐਸ ਵੇਲੇ ਜ਼ਰੂਰ
ਸੂਰਜ ਲੋੜੀਦਾ।

ਕਾਲੀਆਂ ਰਾਤਾਂ, ਰਾਹ ਨ ਲੱਭਦੇ
ਥਾਂ ਥਾਂ ਖਾਈਏ ਠੋਕਰ
ਪੈਰ ਮਰੋੜੀਦਾ
ਐਸ ਵੇਲੇ ਜ਼ਰੂਰ
ਦੀਵਾ ਲੋੜੀਦਾ।
ਨੇਰ੍ਹੇ ਦੇ ਯੁੱਗ ਅੰਦਰ
ਪਹਿਰਾ ਨੇਰ੍ਹੇ ਦਾ
ਕਾਲੇ ਫੁੱਲ ਗੁਲਤਾਨ
ਖ਼ੂਨ ਨਚੋੜੀਦਾ
ਐਸ ਵੇਲੇ ਜ਼ਰੂਰ
ਰਹਿਬਰ ਲੋੜੀਦਾ।
ਹਾਕਮ ਹੁਕਮ ਕਸਾਈਆਂ ਵਰਗੇ
ਨਾਮ ਸ਼ਰਾਂ ਦੇ ਕੋੜੇ ਵਰ੍ਹਦੇ
ਤਨ ਮੋਮਿਨ ਦਾ ਤੋੜੀਦਾ।
ਐਸ ਵੇਲੇ ਜ਼ਰੂਰ
'ਕਾਫ਼ਿਰ' ਲੋੜੀਦਾ।
ਬੈਠੇ ਲੋਕ ਸਲਾਹਾਂ ਕਰਦੇ,
ਜਿਓਂ ਚੂਹੇ ਬਿੱਲੀ ਤੋਂ ਡਰਦੇ
ਘੰਟੀ ਵਾਲਾ ਹੱਥ
ਹੌਂਸਲਾ ਲੋੜੀਦਾ
ਐਸ ਵੇਲੇ ਜ਼ਰੂਰ
ਸਿਰ ਲੱਥ ਲੋੜੀਂਦਾ

o

## ਹਲਚਲਾ /ਧਰਮ ਕੰਮੇਆਣਾ

ਮਹਾਂ-ਵਿਦਿਆਲੇ ਦੇ ਸਿਲੇਬਸ 'ਚ ਲੱਗੀ
ਇਤਿਹਾਸ ਦੀ ਕਿਤਾਬ
ਜਿਸਨੂੰ ਆਜ਼ਾਦੀ ਕਹਿੰਦੀ ਹੈ
ਮੇਰੀ ਮਾਂ ਤਾਂ ਉਸਨੂੰ ਹਲਚਲੇ ਦਾ ਨਾਂ ਦਿੰਦੀ ਹੈ
ਜਦ ਬੱਕਰਿਆਂ ਵਾਂਗੂ ਕੋਹੇ ਗਏ
ਮਾਸੂਮਾਂ ਦੀ ਉਹ ਕਹਾਣੀ ਦੱਸਦੀ ਹੈ
ਤਾਂ ਰੋ ਪੈਂਦੀ ਹੈ
ਉਹ ਨੂਰੇ ਜੁਲਾਹੇ ਦੇ ਪੁੱਤਾਂ ਨੂੰ ਨਹੀਂ ਭੁੱਲ ਸਕੀ,
ਜਿਨ੍ਹਾਂ ਦੇ ਧੜਾਂ ਤੋਂ ਜੁਦਾ ਹੋਏ ਸਿਰ
ਉਹਨੇ ਸਾਈਆਂ ਵਾਲੇ ਬੋਹੜ ਥੱਲੇ ਵੇਖੇ ਸਨ,
ਉਹਨਾਂ ਦੇ ਗੇਲੀਆਂ ਵਰਗੇ ਪੱਟਾਂ 'ਤੇ
ਛਪਾਰ ਦੇ ਮੇਲੇ 'ਤੋਂ ਪਵਾਇਆ ਮੋਰਾਂ ਨੇ
ਅਜੇ ਪੈਲਾਂ ਪਾ ਕੇ ਵੇਖਣੀਆਂ ਸਨ
ਉਹ ਬਹੁਤ ਯਾਦ ਕਰਦੀ ਹੈ
ਉਹ ਬਹੁਤ ਯਾਦ ਕਰਦੀ ਹੈ
ਆਪਣੀ ਸਹੇਲੀ ਨੈਣ-ਤਾਰਾ ਨੂੰ
ਜੋ ਹੁੰਦੀ ਸੀ ਉਹਦੇ ਪਿੰਡ ਦਾ ਸ਼ਿੰਗਾਰ
ਤੇ ਹੋ ਗਈ ਸੀ ਮੁਸ਼ਟੰਡਿਆਂ ਦੀ ਹਵਸ ਦਾ ਸ਼ਿਕਾਰ
ਪਿੰਡ ਦੀ ਜੱਬ 'ਚ ਪਈ ਉਹਦੀ ਅਧ-ਨੰਗੀ ਲਾਸ਼
ਰਹੀ ਸੀ ਪਿੰਡ ਦੀ ਪੱਗ ਨੂੰ ਫਟਕਾਰ
ਮੈਂ ਜਦ ਕਦੀ ਵੀ ਉਸਨੂੰ ਕਿਹਾ ਹੈ,
"ਮਾਂ ! ਮੇਰਾ ਵਿਸ਼ਵਾਸ ਹੈ ਕਿ
ਇਕ ਦਿਨ ਅਜਿਹਾ ਵੀ ਆਏਗਾ
ਜਦੋਂ ਦਿੱਲੀ ਤੋਂ ਰਾਵਲਪਿੰਡੀ ਜਾਣ ਲਈ
ਪਾਸਪੋਰਟ ਦੀ ਜ਼ਰੂਰਤ ਨਹੀਂ ਪਏਗੀ
ਤੇ ਧਰਤੀ ਦੀ ਹਿਕ ਤੋਂ ਮਿਟ ਜਾਵੇਗਾ
ਸਭ ਕੁਝ ਲੀਕਾਂ ਵਰਗਾ"
ਤਾਂ ਉਹ ਬੱਸ ਹੈਰਾਨ ਹੀ ਹੁੰਦੀ ਹੈ
ਅਜ਼ਾਦੀ ਦੇ ਅਰਥ
ਹਰ ਪੰਦਰਾਂ ਅਗਸਤ ਨੂੰ ਝੰਡਾ ਝੁਲਾ ਦੇਣਾ ਹੀ ਨਹੀਂ
ਭੁੱਖਿਆਂ ਨੂੰ ਰੋਟੀ ਦੇਣਾ ਵੀ ਹੈ
ਆਈ ਹੋਊ ਅਜ਼ਾਦੀ ਕੁਝ ਵਡਿਆ ਘਰਾਂ ਲਈ,
ਸਾਡੇ ਬੋਲਾਂ 'ਤੇ ਕੱਲ੍ਹ ਵੀ ਪਹਿਰਾ ਸੀ
ਤੇ ਅੱਜ ਵੀ ਪਹਿਰਾ ਹੈ
ਸਾਡੇ ਘਰ ਵਿਚ ਅੱਗੇ ਨਾਲੋਂ ਵੀ ਜ਼ਿਆਦਾ ਹਨੇਰਾ ਹੈ
ਮਹਾਂ-ਵਿਦਿਆਲੇ ਦੇ ਸਿਲੇਬਸ 'ਚ ਲੱਗੀ
ਇਤਿਹਾਸ ਦੀ ਕਿਤਾਬ
ਜਿਸਨੂੰ ਅਜ਼ਾਦੀ ਕਹਿੰਦੀ ਹੈ
ਮੇਰੀ ਮਾਂ ਤਾਂ ਉਸਨੂੰ ਹਲਚਲੇ ਦਾ ਨਾਂ ਦਿੰਦੀ ਹੈ ੦

### ਪਾਠਕ ਲੇਖਕ ਫੋਰਮ

## ਬਲਾਤਕਾਰ ਕਦੋਂ ਤੱਕ

ਮੌਜੂਦਾ ਸਮਾਜਕ ਪ੍ਰਬੰਧ ਵਿਚ ਔਰਤ ਨੂੰ ਹਮੇਸ਼ਾ ਹੀ ਪੈਰ ਦੀ ਜੁੱਤੀ ਸਮਝਿਆ ਜਾਂਦਾ ਰਿਹਾ ਹੈ। ਜਾਂ ਫਿਰ ਘਰ ਦੀ ਚਾਰ ਦੀਵਾਰੀ ਅੰਦਰ ਰਹਿ ਕੇ ਰੋਟੀ ਟੁਕ ਅਤੇ ਗੋਹਾ ਕੂੜਾ ਸੁੱਟਣ ਤੱਕ ਸੀਮਤ ਰਖਿਆ ਗਿਆ ਹੈ। ਜਿਸ ਕਰਕੇ ਔਰਤ ਹਮੇਸ਼ਾ ਹੀ ਸਮਾਜ ਵਿਚ ਆਪਣੇ ਆਪ ਨੂੰ ਨੀਵੀਂ ਸਮਝਦੀ ਰਹੀ ਹੈ ਅਤੇ ਆਪਣੇ ਹੱਕਾਂ ਪ੍ਰਤੀ ਬੇਖਬਰ ਰਹੀ ਹੈ। ਇਸ ਅਜ਼ਾਦੀ ਦੇ 35 ਸਾਲ ਬੀਤ ਜਾਣ ਤੋਂ ਬਾਅਦ ਵੀ ਔਰਤ ਦੀ ਹਾਲਤ ਜਿਉਂ ਦੀ ਤਿਉਂ ਬਰਕਰਾਰ ਹੈ। ਭਾਵੇਂ ਔਰਤ ਅੱਜ ਪੜ੍ਹ ਲਿਖ ਕੇ ਨੌਕਰੀ ਕਰ ਸਕਦੀ ਹੈ। ਪਰ ਫਿਰ ਵੀ ਉਸ ਨੂੰ ਆਪਣੇ ਕਮਾਏ ਹੋਏ ਪੈਸੇ ਆਜ਼ਾਦੀ ਨਾਲ ਖਰਚਣ ਦੀ ਖੁਲ੍ਹ ਨਹੀਂ ਹੈ। ਉਹ ਆਪਣੇ ਨਾਲ ਹੋਏ ਅਨਿਆਂ ਦੇ ਖਿਲਾਫ ਲੜ ਨਹੀਂ ਸਕਦੀ। ਜੇਕਰ ਕੋਈ ਔਰਤ ਅਜਿਹਾ ਕਰਨ ਦੀ ਹਿੰਮਤ ਕਰਦੀ ਹੈ ਤਾਂ ਸਮਾਜ ਉਸ ਨੂੰ ਨਫ਼ਰਤ ਕਰਦਾ ਹੈ ਤਾਂ ਸਮਾਜ ਉਸ ਨੂੰ ਨਫ਼ਰਤ ਦੀ ਨਿਗ੍ਹਾ ਨਾਲ ਵੇਖਦਾ ਹੈ।

ਔਰਤ ਦਾ ਆਪਣੇ ਹੱਕਾਂ ਪ੍ਰਤੀ ਚੇਤੰਨ ਨਾ ਹੋਣ ਕਰਕੇ ਹੀ ਅੱਜ ਸਾਰੇ ਦੇਸ਼ ਵਿਚ ਥਾਂ ਥਾਂ ਤੇ ਬਲਾਤਕਾਰ ਦੀਆਂ ਘਟਨਾਵਾਂ ਵਾਪਰਣ ਦੀਆਂ ਖ਼ਬਰਾਂ ਅਖਬਾਰਾਂ ਦੀਆਂ ਮੁਖ ਸੁਰਖੀਆਂ ਬਣ ਰਹੀਆਂ ਹਨ। ਜਿਨ੍ਹਾਂ ਨੂੰ ਪੜ੍ਹ ਕੇ ਸਾਰੇ ਇਨਸਾਫ ਪਸੰਦ ਲੋਕਾਂ ਦੇ ਸਿਰ ਨੀਵੇਂ ਹੋ ਜਾਂਦੇ ਹਨ। ਬਲਾਤਕਾਰ ਦੀਆਂ ਘਟਨਾਵਾਂ ਕੋਈ ਸਾਧਾਰਨ ਆਦਮੀਆਂ ਵਲੋਂ ਨਹੀਂ ਕੀਤੀਆਂ ਜਾਂਦੀਆਂ ਸਗੋਂ ਇਹ ਤਾਂ ਸਰਕਾਰੀ ਅਧਿਕਾਰੀਆਂ, ਪਾਲਤੂ ਗੁੰਡਿਆਂ, ਬਦਮਾਸ਼ਾਂ ਜਾਂ ਫਿਰ ਅਮਨ ਕਾਨੂੰਨ ਦੇ ਰਖਵਾਲਿਆਂ (ਪੁਲਸ) ਵਲੋਂ ਗਰੀਬ, ਨਿਆਸਰੇ, ਅਤੇ ਸਾਧਾਰਨ ਲੋਕਾਂ ਦੀਆਂ ਧੀਆਂ, ਭੈਣਾਂ ਅਤੇ ਪਤਨੀਆਂ ਨਾਲ ਦਿਨ ਦਿਹਾੜੇ ਵਾਪਰ ਰਹੀਆਂ ਹਨ। ਪਰ ਅਫ਼ਸੋਸ ਦੀ ਗੱਲ ਹੈ ਕਿ ਜਿਸ ਦੇਸ ਦੀ ਪ੍ਰਧਾਨ-ਮੰਤਰੀ ਇਕ ਔਰਤ ਹੋਵੇ, ਉਸ ਮੁਲਕ ਵਿਚ ਔਰਤ ਜਾਤੀ ਦੀ ਹਾਲਤ ਇਹ ਹੋਵੇ ਕਿ ਜੋ ਚਾਹੇ ਕਿਸੇ ਦੀ ਧੀ, ਭੈਣ ਨੂੰ ਅਗਵਾ ਕਰਕੇ ਲੈ ਜਾਵੇ ਜਾ ਮਾਰ ਦੇਵੇ ਕੋਈ ਪ੍ਰਵਾਹ ਨਹੀਂ, ਕੋਈ ਕਿਸੇ ਕਾਨੂੰਨ ਜਾਂ ਪੁਲਿਸ ਦਾ ਡਰ ਨਹੀਂ।

ਉਂਜ ਤਾਂ ਇਹੋ ਜਿਹੀਆਂ ਅਨੇਕਾਂ ਘਟਨਾਵਾਂ ਪਿਛਲੇ ਸਮੇਂ ਵਿਚ ਵਾਪਰੀਆਂ ਹਨ। ਜਿਨ੍ਹਾਂ ਦਾ ਵਰਣਨ ਕਿਸੇ ਕਿਤਾਬ ਰਾਹੀਂ ਹੀ ਕੀਤਾ ਜਾ ਸਕਦਾ ਹੈ। ਪਰ ਮੈਂ ਕੁਝ ਕੁ ਤਾਜ਼ਾ ਘਟਨਾਵਾਂ ਦਾ ਹੀ ਵਰਣਨ

Post Office No.—P/AB—133
Registered with the Registrar, News Papers Vide No. MA/12397-D dated 14-8-80

ਕਰਾਂਗਾ ਤਾਂਕਿ ਮੇਰੀ ਇਸ ਲਿਖਤ ਦਾ ਮਕਸਦ ਹੱਲ ਹੋ ਸਕੇ। ਔਰ ਇਹ ਉਹ ਘਟਨਾਵਾਂ ਹਨ ਜਿਨ੍ਹਾਂ ਨੇ ਇਸਤਰੀ ਵਰਗ ਅਤੇ ਸਾਰੇ ਇਨਸਾਫ ਪਸੰਦ ਲੋਕਾਂ ਨੂੰ ਚੈਲਿੰਜ ਕੀਤਾ ਹੈ ਅਤੇ ਜਿਹੜੀਆਂ ਮੌਜੂਦਾ ਗਲੇ ਸੜੇ ਪ੍ਰਬੰਧ ਦਾ ਸਬੂਤ ਹਨ।

ਪਹਿਲੀ ਘਟਨਾ ਦਰਸ਼ਨ ਕੌਰ ਨਾਮੀ ਮਜ਼ਦੂਰ ਕੁੜੀ ਦੀ ਹੈ, ਜਿਹੜੀ ਕਿ ਪਿੰਡ ਝੁਗੀਆ (ਲੁਧਿਆਣਾ) ਦੀ ਹੈ ਜਿਸ ਨਾਲ ਇਸ ਇਲਾਕੇ ਦੇ ਦੋ ਮਸ਼ਹੂਰ ਬਦਮਾਸ਼ ਛੋਕਰਿਆਂ ਹਰਪਾਲ ਅਤੇ ਅਵਤਾਰ ਨੇ ਆਪਣੀ ਕਾਮ ਵਾਸ਼ਨਾ ਪੂਰੀ ਕੀਤੀ। ਜਿਸ ਨੂੰ ਦਰਸ਼ਨ ਕੌਰ ਨੇ ਆਪਣੀ ਮੌਤ ਦਾ ਅਧਾਰ ਬਣਾਇਆ। ਦੂਸਰੀ ਘਟਨਾ ਇਸੇ ਹੀ ਜ਼ਿਲ੍ਹੇ ਦੇ ਨੰਦਪੁਰ ਪਿੰਡ ਦੀ ਕਾਂਤਾ ਨਾਂ ਦੀ ਕੁੜੀ ਦੀ ਹੈ। ਜਿਸ ਨੂੰ ਇਸ ਇਲਾਕੇ ਦੇ ਦੋ ਪਾਲਤੂ ਗੁੰਡਿਆਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ। ਉਪਰੋਕਤ ਗੁੰਡਿਆਂ ਨੂੰ ਇਲਾਕੇ ਦੇ ਮੰਤਰੀ ਦੀ ਪੂਰਨ ਹਮਾਇਤ ਪ੍ਰਾਪਤ ਹੈ। ਤੀਸਰੀ ਘਟਨਾ ਸਾਡੇ ਅਮਨ ਕਾਨੂੰਨ ਦੇ ਰਖਵਾਲਿਆਂ ਨਾਲ ਸਬੰਧ ਰਖਦੀ ਹੈ। ਜਿਨ੍ਹਾਂ ਨੇ ਬੈਂਧਨੀ ਕਲਾਂ ਥਾਣੇ ਦੇ ਮੋਨੀਆਂ ਪਿੰਡ ਦੀ ਮਾਸੂਮ ਭੋਲੀ ਨਾਂ ਦੀ ਕੁੜੀ ਨੂੰ ਥਾਣੇ ਬੁਲਾ ਕੇ ਉਸ ਦੀ ਕੁੱਟ ਮਾਰ ਕਰਨ ਤੋਂ ਬਾਅਦ ਉਸ ਨਾਲ ਜਬਰ ਜਿਨਾਹ ਕੀਤਾ।

ਪਰ ਉਪਰੋਕਤ ਘਟਨਾਵਾਂ ਨੂੰ ਪਰਫੁਲਤ ਕਰਨ ਲਈ ਇਥੋਂ ਦੇ ਹਾਕਮਾਂ ਦੀ ਪੂਰੀ ਸ਼ਹਿ ਹੈ। ਜਿਸ ਦੀ ਉਦਾਹਰਨ ਬਲਵਿੰਦਰ ਉਰਫ ਕਰੈਕ ਨਾਮੀ ਗੁੰਡਾ ਦੀ ਹੈ। ਜਿਸ ਨੇ ਆਪਣੇ ਹੀ ਘਰ ਭਾਂਡੇ ਮਾਂਜਣ ਵਾਲੀ ਕੁੜੀ ਦੀ ਪੱਤ ਲੁਟੀ। ਇਸ ਦੋਸ਼ੀ ਨੂੰ ਪਿਛੇ ਜਿਹੇ ਸਾਡੇ ਇਨਸਾਫ਼ ਘਰਾਂ (ਅਦਾਲਤਾਂ) ਨੇ ਵਿਦਿਆਰਥੀ ਆਗੂ ਬੂਧਾਂ ਦੇ ਕਤਲ ਕੇਸ ਚੋਂ ਸਾਫ਼ ਬਰੀ ਕਰ ਦਿਤਾ ਸੀ।

ਅੱਜ ਸੋਚਣ ਵਾਲੀ ਗੱਲ ਇਹ ਹੈ ਕਿ ਇਸਤਰੀ ਨੂੰ ਬਰਾਬਰ ਹੱਕ ਦੇਣ ਵਾਲਾ ਸੰਵਿਧਾਨ, ਇਸਤਰੀਆਂ ਖਿਲਾਫ ਵਧੀਕੀਆਂ ਕਰਨ ਵਾਲੇ ਲੋਕਾਂ ਨੂੰ ਸਜ਼ਾਵਾਂ ਦੇਣ ਤੋਂ ਕਿਉਂ ਇਨਕਾਰੀ ਹੈ। ਕਿਉਂਕਿ ਸੰਵਿਧਾਨ ਬਣਾਉਣ ਵਾਲੇ, ਸੰਵਿਧਾਨ ਦੀ ਰੱਖਿਆ ਕਰਨ ਵਾਲੇ ਅਤੇ ਔਰਤਾਂ ਨਾਲ ਵਧੀਕੀਆਂ ਕਰਨ ਵਾਲੇ ਸਾਰੇ ਹੀ ਸਰਮਾਏਦਾਰ ਲੋਕ ਹਨ। ਜਿਹਨਾਂ ਤੋਂ ਬਿਨਾਂ ਇਥੋਂ ਦੇ ਹਾਕਮ ਇਕ ਇੰਚ ਵੀ ਇਧਰ ਉਧਰ ਨਹੀਂ ਹੋ ਸਕਦੇ। ਇਸ ਕਰਕੇ ਮੌਜੂਦਾ ਕਾਨੂੰਨ ਇਹਨਾਂ ਨੂੰ ਸਜ਼ਾਵਾਂ ਦੇਣ ਦੀ ਗੁਸਤਾਖੀ ਨਹੀਂ ਕਰਨਗੇ। ਇਥੇ ਮੈਂ ਉਦਾਹਰਣਾਂ ਦੇ ਕੇ ਉਪਰੋਕਤ ਗੱਲ ਨੂੰ ਸਾਫ ਕਰਨਾ ਚਾਹਾਂਗਾ। ਪਹਿਲਾਂ ਮੈਂ ਡਬਵਾਲੀ ਕਾਂਡ ਦੇ ਦੋਸ਼ੀਆਂ (ਪੁਲਸ ਅਫ਼ਸਰਾਂ) ਦੀ ਗੱਲ ਕਰਾਂਗਾ ਜਿਨ੍ਹਾਂ ਨੇ ਇਕ ਚੌਕੀਦਾਰ ਦੀ ਪਤਨੀ ਨਾਲ ਬਲਾਤਕਾਰ ਕਰਨ ਤੋਂ ਬਾਅਦ ਟਰੱਕ ਅੱਗੇ ਸੁੱਟ ਕੇ ਐਕਸੀਡੈਂਟ ਦਾ ਫਰਾਡ ਰਚਿਆ ਸੀ। ਉਹਨਾਂ ਨੂੰ ਸਾਡੀ ਨਿਆਂ ਪ੍ਰਣਾਲੀ ਨੇ ਸਜ਼ਾ ਦੇਣੀ ਕਿਉਂ ਉਚਿਤ ਨਹੀਂ ਸਮਝੀ ? ਦੂਸਰੀ ਗੱਲ ਮੈਂ ਪੰਜਾਬ ਦੇ ਉੱਘੇ ਕਾਂਗਰਸੀ ਨੇਤਾ ਦੀ ਕਰਾਂਗਾ, ਜਿਸ ਨੇ ਇਕ ਉੱਚ ਪੁਲਿਸ ਅਫਸਰ ਦੀ ਪਤਨੀ ਨੂੰ ਤਿੰਨ ਮੰਜ਼ਲੇ ਮਹਿਲ ਤੋਂ ਸੁੱਟ ਕੇ ਉਸ ਦੀ ਅਲਖ ਮੁਕਾ ਦਿੱਤੀ ਸੀ। ਕੀ ਉਸ ਨੂੰ ਕੋਈ ਸਜ਼ਾ ਹੋ ਚੁਕੀ ਹੈ। ਨਹੀਂ...ਨਹੀਂ...ਸਜ਼ਾ ਤਾਂ ਦੂਰ ਦੀ ਗੱਲ ਹੈ ਗ੍ਰਿਫਤਾਰੀ ਵੀ ਨਹੀਂ ਹੋ ਸਕੀ। ਇਹ ਘਟਨਾ ਅਖਬਾਰਾਂ ਦੀਆਂ ਸੁਰਖੀਆਂ ਬਣ ਕੇ ਹੀ ਰਹਿ ਗਈ।

ਇਹ ਸਨ ਕੁਝ ਕੁ ਤੱਥ ਜਿਨ੍ਹਾਂ ਰਾਹੀਂ ਮੈਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਮੌਜੂਦਾ ਕਾਨੂੰਨ ਲੋਕ-ਪੱਖੀ ਨਹੀਂ ਜੋਕ-ਪੱਖੀ ਹਨ। ਜਿਸ ਦੇਸ਼ ਦੇ ਮੰਤਰੀ, ਪੁਲਿਸ ਅਧਿਕਾਰੀ; ਅਤੇ ਕਾਨੂੰਨ ਆਪਣੇ ਇਖਲਾਕ ਤੋਂ ਗਿਰ ਜਾਣ। ਉਸ ਦੇਸ ਦੇ ਲੋਕਾਂ ਦੀਆਂ ਸਮਸਿਆਵਾਂ ਦਾ ਹੱਲ ਕੀ ? ਇਹ ਸਮਾਂ ਹੀ ਦੱਸੇਗਾ।

## ਫਿਰ ਸਾਡਾ ਫ਼ਰਜ਼ ਕੀ ਹੈ ?

ਇਸ ਮਰਦ ਪ੍ਰਧਾਨ ਸਮਾਜ ਵਿਚ ਜੇਕਰ ਇਸਤਰੀਆਂ ਆਪਣੇ ਤੇ ਹੋ ਰਹੀਆਂ ਵਧੀਕੀਆਂ ਨੂੰ ਘੱਟ ਕਰਨਾ ਜਾਂ ਰੋਕਣਾ ਚਾਹੁੰਦੀਆਂ ਹਨ। ਤਾਂ ਅੱਜ ਇਸ ਨਾਜ਼ੁਕ ਸਮੇਂ ਵਿਚ ਜਥੇਬੰਦ ਹੋਣ ਦੀ ਲੋੜ ਹੈ। ਉਂਜ ਕੁਝ ਥਾਵਾਂ ਤੇ ਇਸਤਰੀਆਂ ਨੇ ਇਕੱਠ ਬੰਨ੍ਹ ਕੇ ਗੁੰਡਾ-ਗਰਦੀ ਦੇ ਮੁਕਾਬਲੇ ਵਿਚ ਇਹ ਨਾ ਗਿਣਨਯੋਗ ਹੀ ਹੈ। ਜਿਥੇ ਇਸਤਰੀਆਂ ਨੂੰ ਜਥੇਬੰਦ ਹੋਣ ਅਤੇ ਆਪਣੇ ਹੱਕਾਂ ਪ੍ਰਤੀ ਚੇਤੰਨ ਹੋਣ ਦੀ ਲੋੜ ਹੈ, ਉਥੇ ਇਨਸਾਫ ਪਸੰਦ ਅਤੇ ਜਮਹੂਰੀ ਸ਼ਕਤੀਆਂ ਨੂੰ ਵੀ ਅੱਗੇ ਆਉਣ ਦੀ ਸਖਤ ਜ਼ਰੂਰਤ ਹੈ। ਤਾਂ ਹੀ ਕੁਝ ਹੱਦ ਤਕ ਔਰਤਾਂ ਤੇ ਹੋ ਰਹੇ ਜ਼ੁਲਮ ਅਤੇ ਵਧੀਕੀਆਂ ਨੂੰ ਠੱਲ ਪਾਈ ਜਾ ਸਕਦੀ ਹੈ। ਭਾਵੇਂ ਪੂਰਨ ਹੱਲ ਇਸ ਨਿਜ਼ਾਮ ਦੀ ਮੌਤ ਨਾਲ ਹੀ ਬੱਝਿਆ ਹੋਇਆ ਹੈ।

**— ਸੁਖਦੇਵ ਸਿੰਘ ਮਾਹੀ**